## ਦੰਤ-ਕਥਾਵਾਂ

ਦੰਤ-ਕਥਾਵਾਂ ਲੋਕ-ਕਥਾਵਾਂ, ਸਾਹਿਤ ਦਾ ਬਹੁਤ ਰੋਚਕ ਅਤੇ ਵਚਿੱਤਰ ਰੂਪ ਹੈ। ਪੰਜਾਬੀ ਲੋਕ-ਸਾਹਿਤ ਵਿੱਚ ਦੰਤ-ਕਥਾਵਾਂ ਦਾ ਵੱਡਾ ਖ਼ਜ਼ਾਨਾ ਹੈ।

ਦੰਤ-ਕਥਾ ਇਤਿਹਾਸ ਤੇ ਗਲਪ ਦਾ ਸੁਮੇਲ ਹੁੰਦੀ ਹੈ। ਦੰਤ-ਕਥਾ ਦੀ ਕਹਾਣੀ ਦਾ ਆਧਾਰ ਇਤਿਹਾਸ ਦਾ ਕੋਈ ਤੱਥ ਹੁੰਦਾ ਹੈ। ਉਹ ਤੱਥ ਲੋਕ-ਮਨ ਨੂੰ ਟੁੰਬਦਾ ਹੈ ਅਤੇ ਫਿਰ ਉਸ ਦੁਆਲੇ ਹੌਲ਼ੀ-ਹੌਲ਼ੀ ਗਲਪ ਦੀ ਚਾਸ਼ਨੀ ਚੜ੍ਹਨੀ ਸ਼ੁਰੂ ਹੋ ਜਾਂਦੀ ਹੈ। ਪੀੜ੍ਹੀ-ਦਰ ਪੀੜ੍ਹੀ ਦੰਤ-ਕਥਾ ਦੀ ਕਹਾਣੀ ਸੁਣੀ-ਸੁਣਾਈ ਜਾਂਦੀ ਹੈ। ਨਾਲ਼ੋ-ਨਾਲ਼ ਲੋਕ ਆਪਣੀ ਕਲਪਨਾ ਨਾਲ਼ ਇਸ ਕਹਾਣੀ ਵਿੱਚ ਵਾਧੇ-ਘਾਟੇ ਕਰਦੇ ਜਾਂਦੇ ਹਨ। ਇਸ ਤਰ੍ਹਾਂ ਮੂਲ ਕਹਾਣੀ ਨਾਲ਼ ਜੋੜ-ਤੋੜ ਕੇ ਲੋਕ-ਮਨਾਂ ਨੇ ਜਿਹੜਾ ਨਵਾਂ ਸਰੂਪ ਉਸ ਕਹਾਣੀ ਨੂੰ ਬਖ਼ਸ਼ਿਆ ਹੁੰਦਾ ਹੈ, ਉਹ ਲੋਕਾਂ ਦੇ ਭਾਵਾਂ, ਕਲਪਨਾਵਾਂ, ਵਿਸ਼ਵਾਸਾਂ ਅਤੇ ਆਦਰਸ਼ਾਂ ਦਾ ਪ੍ਰਗਟਾਵਾ ਹੋਣ ਕਾਰਨ ਮਹੱਤਵਪੂਰਨ ਹੁੰਦਾ ਹੈ।

ਹਰ ਯੁੱਗ ਦੀਆਂ ਪ੍ਰਧਾਨ ਰੁਚੀਆਂ ਮੁਤਾਬਕ ਦੰਤ-ਕਥਾਵਾਂ ਬਣੀਆਂ ਹੋਈਆਂ ਹਨ। ਇਸ ਕਾਰਨ ਹੀ ਪੰਜਾਬੀ ਦੀਆਂ ਦੰਤ-ਕਥਾਵਾਂ ਅਨੇਕ-ਭਾਂਤੀ ਹਨ।

ਪ੍ਰੇਮ-ਭਾਵ ਨੂੰ ਉਜਾਗਰ ਕਰਦੀਆਂ ਦੰਤ-ਕਥਾਵਾਂ ਸਾਡੀਆਂ ਪ੍ਰੀਤ-ਕਹਾਣੀਆਂ ਹਨ। ਜੋਗ ਮਤ ਦੇ ਪ੍ਰਭਾਵ ਹੇਠ ਗੋਪੀ ਨਾਥ, ਭਰਥਰੀ ਹਰੀ, ਗੋਰਖ ਨਾਥ, ਪੂਰਨ ਜੋਗੀ ਜਿਹੀਆਂ ਦੰਤ-ਕਥਾਵਾਂ ਪ੍ਰਚਿੱਲਤ ਹੋਇਆਂ ਹਨ। ਬੀਰ ਭਾਵਨਾ ਨੂੰ ਉਜਾਗਰ ਕਰਦੀਆਂ ਰਾਜਾ ਰਸਾਲੂ ਅਤੇ ਦੁੱਲਾ ਭੱਟੀ ਜਿਹੀਆਂ ਦੰਤ-ਕਥਾਵਾਂ ਹਨ।

ਵਿਦਵਾਨਾਂ ਨੇ ਪੰਜਾਬੀ ਦੀਆਂ ਦੰਤ-ਕਥਾਵਾਂ ਦੇ ਕਈ ਵਰਗ ਕੀਤੇ ਹਨ। ਆਮ ਪੰਜਾਬੀਆਂ ਵਿੱਚ ਉਹ ਦੰਤ-ਕਥਾਵਾਂ ਜ਼ਿਆਦਾ ਹਰਮਨ ਪਿਆਰੀਆਂ ਰਹੀਆਂ ਹਨ, ਜਿਨ੍ਹਾਂ ਦੇ ਨਾਇਕਾਂ ਵਿੱਚ ਭਰਪੂਰ ਜੀਵਨ-ਸ਼ਕਤੀ, ਜੀਵਨ-ਪ੍ਰੇਮ, ਸੰਜਮ, ਸਾਹਸ, ਅਣਖ, ਵੀਰਤਾ ਜਿਹੇ ਗੁਣਾਂ ਦਾ ਸੁਮੇਲ ਹੋਵੇ।

### ਵਸਤੂਨਿਸ਼ਠ ਪ੍ਰਸ਼ਨ ਉੱਤਰ

ਪ੍ਰ-1 ਇਤਿਹਾਸ ਤੇ ਗਲਪ ਦਾ ਸੁਮੇਲ ਹੁੰਦਾ ਹੈ?
ਉ- ਦੰਤ-ਕਥਾ ਵਿੱਚ।
ਪ੍ਰ-2 ਗੋਪੀ ਨਾਥ, ਭਰਥਰੀ ਹਰੀ, ਗੋਰਖ ਨਾਥ, ਪੂਰਨ ਨਾਥ ਜੋਗੀ ਕਿਸ ਦੇ ਪ੍ਰਭਾਵ ਹੇਠ ਪ੍ਰਚਿੱਲਤ ਦੰਤ-ਕਥਾਵਾਂ ਹਨ?
ਉ- ਜੋਗ ਮੱਤ।
ਪ੍ਰ-3 ਬੀਰ ਭਾਵਨਾ ਨੂੰ ਉਜਾਗਰ ਕਰਦੀ ਕਿਸੇ ਦੰਤ ਕਥਾ ਦਾ ਨਾਂ ਲਿਖੋ?
ਉ- ਰਾਜਾ ਰਸਾਲੂ, ਦੁੱਲਾ ਭੱਟੀ।
ਪ੍ਰ-4 ਪੰਜਾਬ ਦੀ ਕਿਸੇ ਹਰਮਨ ਪਿਆਰੀ ਦੰਤ ਕਥਾ ਦਾ ਨਾਂ ਲਿਖੋ?
ਉ- ਪੂਰਨ ਭਗਤ।
ਪ੍ਰ-5 ਪੰਜਾਬੀ ਵਿੱਚ ਜੋਗੀਆਂ ਨਾਲ਼ ਸੰਬੰਧਿਤ ਕਿਸੇ ਦੰਤ-ਕਥਾ ਦਾ ਨਾਂ ਲਿਖੋ?
ਉ- ਪੂਰਨ-ਭਗਤ।
ਪ੍ਰ-6 ਕਿਹੜੀ ਦੰਤ ਕਥਾ ਦੇ ਅਧਾਰ ਤੇ ਕਾਦਰਯਾਰ ਨੇ ਕਿੱਸਾ ਲਿਖਿਆ?
ਉ- ਪੂਰਨ ਭਗਤ।
ਪ੍ਰ-7 ਪੂਰਨ ਭਗਤ ਦੀ ਦੰਤ ਕਥਾ ਦੇ ਆਧਾਰ ਤੇ ਲੂਣਾ ਨਾਂ ਦਾ ਮਹਾਕਾਵਿ ਲਿਖਣ ਵਾਲ਼ਾ ਕਵੀ ਹੈ?
ਉ- ਸ਼ਿਵ ਕੁਮਾਰ ਬਟਾਲਵੀ।
ਪ੍ਰ-8 ਪੂਰਨ ਨਾਥ ਜੋਗੀ ਰਚਨਾ ਕਿਸ ਆਧੁਨਿਕ ਪੰਜਾਬੀ ਕਵੀ ਦੀ ਹੈ?
ਉ- ਪ੍ਰੋ ਪੂਰਨ ਸਿੰਘ।

## ਪੂਰਨ ਭਗਤ

ਸਿਆਲਕੋਟ ਦੇ ਰਾਜੇ ਸਲਵਾਨ ਦੀਆਂ ਦੋ ਰਾਣੀਆਂ ਸਨ, ਇਕ ਇੱਛਰਾਂ ਅਤੇ ਦੂਜੀ ਲੂਣਾ। ਰਾਣੀ ਇੱਛਰਾਂ ਦੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਂ ਪੂਰਨ ਰੱਖਿਆ ਗਿਆ। ਕਹਿੰਦੇ ਹਨ ਕਿ ਜੋਤਸ਼ੀਆਂ ਨੇ ਰਾਜੇ ਸਲਵਾਨ ਨੂੰ ਇਹ ਵਹਿਮ ਪਾ ਦਿੱਤਾ ਕਿ ਬਾਰਾਂ ਵਰ੍ਹਿਆਂ ਤਕ ਪੁੱਤਰ ਦਾ ਮੂੰਹ ਵੇਖਣਾ ਉਸ ਲਈ ਅਸ਼ੁੱਭ ਹੋਵੇਗਾ। ਇਹ ਵੀ ਕਿਹਾ ਜਾਂਦਾ ਹੈ ਕਿ ਜੋਤਸ਼ੀਆਂ ਨੇ ਪੂਰਨ ਨੂੰ ਰਾਜੇ ਤੋਂ ਦੂਰ ਰੱਖਣ ਦੀ ਸਾਜ਼ਿਸ ਲੂਣਾ ਨੇ ਘੜੀ ਸੀ। ਫਲਸਰੂਪ ਰਾਜੇ ਸਲਵਾਨ ਨੇ ਪੂਰਨ ਨੂੰ ਬਾਰ੍ਹਾਂ ਵਰ੍ਹਿਆਂ ਤਕ ਭੋਰੇ ਵਿੱਚ ਰੱਖਣ ਦਾ ਹੁਕਮ ਦਿੱਤਾ।

ਬਾਰ੍ਹਾਂ ਵਰ੍ਹੇ ਬੀਤਣ ਪਿੱਛੋਂ ਪੂਰਨ ਭੋਰਿਓਂ ਨਿਕਲ ਕੇ ਪਿਤਾ ਨੂੰ ਮਿਲਣ ਲਈ ਗਿਆ। ਪਿਤਾ ਨੇ ਪੂਰਨ ਨੂੰ ਪਿਆਰ ਕੀਤਾ ਤੇ ਕਿਹਾ ਕਿ ਉਹ ਆਪਣੀਆਂ ਮਾਂਵਾਂ ਨੂੰ ਮਿਲ਼ ਕਿ ਆਵੇ। ਪਹਿਲਾਂ ਉਹ ਲੂਣਾਂ ਦੇ ਮਹਿਲਾਂ ਵਿੱਚ ਜਾਵੇ ਤੇ ਫਿਰ ਰਾਣੀ ਇੱਛਰਾ ਨੂੰ ਮਿਲ਼ੇ।

ਆਪਣੇ ਪਿਤਾ ਦੇ ਹੁਕਮ ਅਨੁਸਾਰ ਪੂਰਨ ਲੂਣਾ ਨੂੰ ਪ੍ਰਨਾਮ ਕਰਨ ਗਿਆ, ਪਰ ਜਵਾਨ ਪੂਰਨ ਦੀ ਸੁੰਦਰਤਾ ਨੂੰ ਵੇਖ ਕੇ ਲੂਣਾ ਦੰਗ ਰਹਿ ਗਈ। ਉਹ ਪੂਰਨ ਨੂੰ ਆਪਣੇ ਪੁੱਤਰ ਦੀ ਥਾਂ ਪ੍ਰੇਮੀ ਦੇ ਰੂਪ ਵਿੱਚ ਦੇਖਣ ਲੱਗੀ ਪਰ ਪੂਰਨ ਦੀਆਂ ਨਜ਼ਰਾਂ ਵਿੱਚ ਉਹ ਇਕ ਮਾਂ

ਸੀ। ਪੂਰਨ ਨਿਰਾਸ਼ ਹੋ ਕੇ ਕਾਹਲ਼ੀ-ਕਾਹਲ਼ੀ ਲੂਣਾ ਦੇ ਮਹਿਲ ਵਿੱਚੋਂ ਨਿਕਲ ਆਇਆ। ਲੂਣਾ ਨੂੰ ਇਸ ਗੱਲੋਂ ਬਹੁਤ ਗੁੱਸਾ ਆਇਆ ਕਿ ਪੂਰਨ ਨੇ ਉਸ ਦੀ ਇੱਛਾ ਨੂੰ ਠੁਕਰਾ ਦਿੱਤਾ ਹੈ। ਉਸ ਨੇ ਉਸ ਤੋਂ ਬਦਲਾ ਲੈਣ ਦੀ ਠਾਣ ਲਈ।

ਉਸ ਨੇ ਆਪਣੇ ਕੱਪੜੇ ਪਾੜ ਕੇ ਵਾਲ਼ ਖਿਲਾਰ ਲਏ ਅਤੇ ਰਾਜੇ ਦੇ ਮਹਿਲਾਂ ਵਿੱਚ ਆਉਣ ਤਕ ਮੰਦਾ ਹਾਲ ਕਰਕੇ ਪੈ ਗਈ। ਰਾਜੇ ਦੁਆਰਾ ਉਸ ਦੇ ਹਾਲੋਂ ਬੇਹਾਲ ਹੋਣ ਦਾ ਕਾਰਨ ਪੁੱਛਣ ਤੇ ਲੂਣਾ ਨੇ ਊਜ ਲਾਉਂਦਿਆਂ ਕਿਹਾ ਕਿ ਪੂਰਨ ਮਾਂ-ਪੁੱਤਰ ਦੇ ਰਿਸ਼ਤੇ ਦਾ ਸਤਿਕਾਰ ਭੁੱਲ਼ ਕੇ ਉਸ ਦੀ ਸੁੰਦਰਤਾ ਵੇਖ ਕੇ ਉਸ ਤੇ ਡੁੱਲ੍ਹ ਗਿਆ। ਰਾਜੇ ਸਲਵਾਨ ਨੇ ਲੂਣਾ ਦੀਆਂ ਤੁਹਮਤਾਂ ਨੂੰ ਸੱਚ ਮੰਨ ਕੇ ਤਤਕਾਲ ਪੂਰਨ ਨੂੰ ਸੱਦਿਆ ਤੇ ਬਿਨਾਂ ਉਸ ਦੀ ਗੱਲ ਸੁਣੇ ਜਲਾਦਾਂ ਦੇ ਹਵਾਲੇ ਕਰਕੇ ਹੁਕਮ ਦੇ ਦਿੱਤੇ ਕਿ ਉਹ ਪੂਰਨ ਨੂੰ ਮਾਰ ਕੇ ਕਿਸੇ ਖੂਹ ਵਿੱਚ ਸੁੱਟ ਦੇਣ।

ਜਲਾਦ ਪੂਰਨ ਨੂੰ ਫੜ੍ਹ ਕੇ ਲੈ ਗਏ। ਉਨ੍ਹਾਂ ਨੂੰ ਪਤਾ ਸੀ ਕਿ ਪੂਰਨ ਨਿਰਦੋਸ਼ ਹੈ। ਉਨ੍ਹਾਂ ਉਸ ਨੂੰ ਜਾਨੋਂ ਮਾਰਨ ਦੀ ਥਾਂ ਉਸ ਦੇ ਹੱਥ-ਪੈਰ ਕੱਟ ਕੇ ਉਸ ਨੂੰ ਇਕ ਸੁੱਕੇ ਖੂਹ ਵਿੱਚ ਸੁੱਟ ਦਿੱਤਾ।

ਸਮਾਂ ਪਾ ਕੇ ਉਸ ਰਾਹੋਂ ਜੋਗੀ ਗੋਰਖ-ਨਾਥ ਅਤੇ ਉਸ ਦੇ ਚੇਲਿਆਂ ਦੀ ਟੋਲੀ ਲੰਘੀ। ਉਨ੍ਹਾਂ ਨੇ ਖੂਹ ਵਿਚੋਂ 'ਹਾਏ ਹਾਏ' ਦੀ ਦਰਦ ਭਰੀ ਅਵਾਜ਼ ਸੁਣ ਕੇ ਉਸ ਵਿੱਚ ਪੂਰਨ ਨੂੰ ਵੇਖਿਆ। ਗੁਰੂ ਗੋਰਖ ਨਾਥ ਦੇ ਪੁੱਛਣ ਤੇ ਪੂਰਨ ਨੇ ਆਪਣੀ ਸਾਰੀ ਹੱਡ-ਬੀਤੀ ਸੁਣਾਈ। ਗੁਰੂ ਗੋਰਖ ਨਾਥ ਨੇ ਪੂਰਨ ਦਾ ਸੱਚ ਪਰਖਣ ਲਈ ਕੱਚੇ ਸੂਤਰ ਦੀ ਧਾਗਾ ਖੂਹ ਵਿਚ ਲਮਕਾਇਆ। ਪੂਰਨ ਕੱਚੇ ਧਾਗੇ ਨੂੰ ਫੜ ਕੇ ਖੂਹ ਵਿਚੋਂ ਬਾਹਰ ਆ ਗਿਆ। ਗੁਰੂ ਗੋਰਖ ਨਾਥ ਨੇ ਆਪਣੀ ਸ਼ਕਤੀ ਨਾਲ਼ ਉਸ ਨੂੰ ਨੌਂ-ਬਰ-ਨੌਂ ਕਰ ਦਿੱਤਾ। ਇਸ ਪਿੱਛੋਂ ਪੂਰਨ ਗੁਰੂ ਗੋਰਖ ਨਾਥ ਤੋਂ ਲੈ ਕੇ ਜੋਗੀ ਬਣ ਗਿਆ।

ਗੁਰੂ ਗੋਰਖ ਨਾਥ ਨੇ ਹੋਰ ਚੇਲਿਆਂ ਵਾਂਗ ਪੂਰਨ ਵੀ ਸਮੇਂ-ਸਮੇਂ ਨਗਰਾਂ ਵਿੱਚ ਭਿਖਿਆ ਲੈਣ ਜਾਂਦਾ। ਇਕ ਵਾਰੀ ਪੂਰਨ ਰਾਣੀ ਸੁੰਦਰਾਂ ਦੇ ਮਹਿਲੀਂ ਭਿੱਖਿਆ ਮੰਗਣ ਗਿਆ। ਰਾਣੀ ਪੂਰਨ ਦੇ ਰੂਪ ਅਤੇ ਤੇਜ ਨੂੰ ਵੇਖ ਕੇ ਉਸ ਉੱਤੇ ਡੁੱਲ੍ਹ ਗਈ। ਉਸ ਨੇ ਮੋਤੀਆਂ ਦਾ ਭਰਿਆ ਥਾਲ ਉਸ ਦੀ ਝੋਲੀ ਪਾ ਦਿੱਤਾ। ਪੂਰਨ ਨੇ ਮੋਤੀ ਗੁਰੂ ਗੋਰਖ ਨਾਥ ਅੱਗੇ ਢੇਰੀ ਕੀਤੇ। ਗੁਰੂ ਗੋਰਖ ਨਾਥ ਨੇ ਪੂਰਨ ਨੂੰ ਕਿਹਾ ਕਿ ਮੋਤੀ ਉਨ੍ਹਾਂ ਦੇ ਕਿਸੇ ਕੰਮ ਨਹੀ, ਉਨ੍ਹਾਂ ਨੂੰ ਭੋਜਨ ਦੀ ਜ਼ਰੂਰਤ ਹੈ। ਪੂਰਨ ਮੋਤੀ ਲੈ ਕੇ ਵਾਪਸ ਸੁੰਦਰਾਂ ਦੇ ਮਹਿਲੀਂ ਜਾ ਪੁੱਜਾ ਤੇ ਉਸ ਤੋਂ ਮੋਤੀਆਂ ਦੀ ਥਾਂ ਭੋਜਨ ਦੀ ਮੰਗ ਕੀਤੀ। ਸੁੰਦਰਾਂ ਖੂਬ ਪਕਵਾਨ ਬਣਵਾ ਕੇ ਆਪ ਗੋਰਖ ਨਾਥ ਦੇ ਡੇਰੇ ਆ ਪੁੱਜੀ ਤੇ ਬੜੇ ਪਿਆਰ ਨਾਲ਼ ਸਾਰੇ ਜੋਗੀਆਂ ਨੂੰ ਭੋਜਨ ਛਕਾਇਆ। ਗੋਰਖ ਨਾਥ ਸੁੰਦਰਾਂ ਦੀ ਸ਼ਰਧਾ ਵੇਖ ਕੇ ਤਰੁੱਠ ਪਿਆ ਅਤੇ ਬੜੇ ਪਿਆਰ ਨਾਲ਼ ਉਸ ਨੇ ਸੁੰਦਰਾਂ ਦੀ ਮੰਗ ਅਨਸਾਰ ਉਸ ਨੂੰ ਪੂਰਨ ਬਖ਼ਸ਼ ਦਿੱਤਾ। ਸੁੰਦਰਾਂ ਖੁਸ਼ੀ-ਖੁਸ਼ੀ ਪੂਰਨ ਨੂੰ ਨਾਲ਼ ਲੈ ਕੇ ਆਪਣੇ ਮਹਿਲਾਂ ਵਿਚ ਆ ਗਈ। ਪਰ ਪੂਰਨ ਨੂੰ ਸੁੰਦਰਾਂ ਦੇ ਮਹਿਲੀਂ ਕੋਈ ਖ਼ੁਸ਼ੀ ਨਹੀਂ ਸੀ ਮਿਲ ਰਹੀ।

ਸੁੰਦਰਾਂ ਨੇ ਪੂਰਨ ਨੂੰ ਕਿਹਾ ਕਿ ਉਹ ਉਸਦੇ ਖ਼ੁਸ਼ ਰਹਿਣ ਤੇ ਹੀ ਖ਼ੁਸ਼ ਹੋ ਸਕੇਗੀ। ਪੂਰਨ ਨ ਸਾਰੇ ਅਡੰਬਰਾਂ ਤੋਂ ਮੁਕਤ ਰਹਿਣ ਦੀ ਆਪਣੀ ਇੱਛਾ ਸੁੰਦਰਾਂ ਨੂੰ ਦੱਸੀ। ਸੁੰਦਰਾਂ ਨੇ ਕੋਈ ਉਜਰ ਨਾ ਕੀਤਾ ਤੇ ਪੂਰਨ ਮੁੜ ਗੁਰੂ ਗੋਰਖ ਨਾਥ ਕੋਲ਼ ਆ ਗਿਆ।

ਲੰਮਾ ਸਮਾਂ ਬੀਤਣ ਮਗਰੋਂ ਇਕ ਵਾਰੀ ਪੂਰਨ ਜੋਗੀ, ਜੋ ਕਿ ਇਕ ਭਗਤ ਦੇ ਤੌਰ ਤੇ ਪ੍ਰਸਿੱਧ ਹੋ ਚੁੱਕਾ ਸੀ, ਸਿਆਲਕੋਟ ਵਿੱਚ ਗਿਆ। ਪੂਰਨ ਦੇ ਆਉਣ ਨਾਲ਼ ਰਾਜੇ ਦਾ ਸੁੱਕਾ ਬਾਗ ਹਰਾ ਹੋ ਗਿਆ । ਰਾਣੀ ਇੱਛਰਾ ਆਪਣੇ ਪੁੱਤਰ ਦੇ ਵਿਯੋਗ ਵਿਚ ਰੋ ਰੋ ਕੇ ਅੰਨ੍ਹੀ ਹੋ ਚੁੱਕੀ ਸੀ। ਉਹ ਪੂਰਨ ਭਗਤ ਦੇ ਦਰਸ਼ਨਾਂ ਲਈ ਆਈ। ਕਿਹਾ ਜਾਂਦੇ ਹੈ ਕਿ ਪੂਰਨ ਦੇ ਬੋਲ ਸੁਣ ਕੇ ਇੱਛਰਾਂ ਨੇ ਉਸ ਨੂੰ ਪਛਾਣ ਲਿਆ ਅਤੇ ਉਸ ਦੀਆਂ ਅੱਖਾਂ ਠੀਕ ਹੋ ਗਈਆਂ।

ਉਧਰ ਔਲਾਦ ਨਾ ਹੋਣ ਕਰਕੇ ਨਿਰਾਸ਼ ਹੋਈ ਲੂਣਾ ਵੀ ਰਾਜੇ ਸਲਵਾਨ ਨੂੰ ਨਾਲ਼ ਲੈ ਕੇ ਪੂਰਨ ਭਗਤ ਕੋਲ ਆ ਪਹੁੰਚੀ। ਪੂਰਨ ਭਗਤ ਨੇ ਕਿਹਾ ਕਿ ਰਾਜਾ ਸਲਵਾਨ ਦੇ ਇਕ ਪੁੱਤਰ ਪਹਿਲਾਂ ਹੈ ਸੀ, ਹੁਣ ਉਹ ਦੁਬਾਰਾ ਪੁੱਤਰ ਮੰਗਣ ਕਿਉਂ ਆਏ ਹਨ? ਹੁਣ ਲੂਣਾ ਨੇ ਆਪਣਾ ਸਾਰਾ ਦੋਸ਼ ਕਬੂਲ ਕਰ ਲਿਆ ਤੇ ਪਛਤਾਵੇ ਦਾ ਪ੍ਰਗਟਾਵਾ ਕੀਤਾ। ਪੂਰਨ ਨੇ ਲੂਣਾ ਨੂੰ ਚੌਲਾਂ ਦਾ ਇਕ ਦਾਣਾ ਖਾਣ ਲਈ ਦਿੱਤਾ ਤੇ ਆਸ਼ੀਰਵਾਦ ਦਿੱਤਾ ਕਿ ਉਨ੍ਹਾਂ ਦੇ ਘਰ ਇਕ ਮਹਾਂਬਲੀ ਪੁੱਤਰ ਪੈਦਾ ਹੋਵੇਗਾ। ਪੂਰਨ ਭਗਤ ਦੇ ਇਸ ਵਰ ਸਦਕਾ ਲੂਣਾ ਦੀ ਕੁੱਖੋਂ ਪੁੱਤਰ ਨੇ ਜਨਮ ਲਿਆ, ਜੋ ਕਿ ਪਿੱਛੋਂ ਰਾਜਾ ਰਸਾਲੂ ਦੇ ਨਾਂ ਨਾਲ਼ ਪ੍ਰਸਿੱਧ ਹੋਇਆ।

ਇਸ ਸਮੇਂ ਪੂਰਨ ਭਗਤ ਨੇ ਰਾਜਾ ਸਲਵਾਨ ਨੂੰ ਆਪਣੇ ਬਾਰੇ ਦੱਸ ਦਿੱਤਾ। ਰਾਜਾ ਸਲਵਾਨ ਨੇ ਪੂਰਨ ਨੂੰ ਆਪਣਾ ਰਾਜ ਸੰਭਾਲਣ ਲਈ ਕਿਹਾ ਪਰ ਉਸ ਨੇ ਨਿਮਰਤਾ ਨਾਲ਼ ਕਿਹਾ, ਕਿ ਉਹ ਤਿਆਗੀ ਹੈ ਤੇ ਮਾਇਆ ਦੇ ਬੰਧਨਾਂ ਨਾਲ਼ ਉਸ ਦਾ ਕੋਈ ਮੋਹ ਨਹੀਂ।

ਕੁਝ ਦਿਨ ਉੱਥੇ ਰਹਿ ਕੇ ਪੂਰਨ ਇਹ ਕਹਿੰਦਾ ਅੱਗੇ ਚੱਲ ਪਿਆ- "ਜੋਗੀ ਚੱਲਦੇ ਭਲੇ, ਨਗਰ ਵੱਸਦੇ ਭਲੇ"।

## ਵਸਤੂਨਿਸ਼ਠ ਪ੍ਰਸ਼ਨ ਉੱਤਰ

ਪ੍ਰ-1 ਪੂਰਨ ਭਗਤ, ਰਾਜਾ ਰਸਾਲੂ, ਦੁੱਲਾ ਭੱਟੀ ਕਿਸ ਪ੍ਰਕਾਰ ਦੀ ਰਚਨਾ ਹੈ?

ਉ- ਦੰਤ ਕਥਾ।

ਪ੍ਰ-2 ਪੂਰਨ ਭਗਤ ਦੇ ਪਿਤਾ ਦਾ ਕੀ ਨਾਮ ਸੀ?

ਉ- ਸਲਵਾਨ।

ਪ੍ਰ-3 ਸਲਵਾਨ ਕਿੱਥੋਂ ਦਾ ਰਾਜਾ ਸੀ?

ਉ- ਸਿਆਲਕੋਟ ਦਾ ।

ਪ੍ਰ-4 ਸਲਵਾਨ ਦੀਆਂ ਕਿੰਨੀਆਂ ਰਾਣੀਆਂ ਸਨ?
ਉ- ਦੋ।
ਪ੍ਰ-5 ਸਲਵਾਨ ਦੀਆਂ ਦੋਹਾਂ ਰਾਣੀਆਂ ਦੇ ਨਾਂ ਲਿਖੋ?
ਉ- ਇੱਛਰਾਂ ਤੇ ਲੂਣਾ।
ਪ੍ਰ-6 ਪੂਰਨ ਭਗਤ ਦਾ ਮਾਂ ਦਾ ਨਾਂ ਕੀ ਸੀ?
ਉ- ਇੱਛਰਾਂ।
ਪ੍ਰ-7 ਪੂਰਨ ਭਗਤ ਦੀ ਮਤਰੇਈ ਮਾਂ ਦਾ ਨਾਂ ਕੀ ਸੀ?
ਉ- ਲੂਣਾ।
ਪ੍ਰ-8 ਪੂਰਨ ਨੂੰ ਕਿੰਨੇ ਸਾਲਾਂ ਲਈ ਭੋਰੇ ਵਿਚ ਪਾਇਆ ਗਿਆ?
ਉ- ਬਾਰ੍ਹਾਂ ਸਾਲਾਂ ਲਈ।
ਪ੍ਰ-9 ਲੂਣਾ ਕੀ ਦੇਖ ਕੇ ਦੰਗ ਰਹਿ ਗਈ?
ਉ- ਪੂਰਨ ਦੀ ਸੁੰਦਰਤਾ।
ਪ੍ਰ-10 ਲੂਣਾ ਪੂਰਨ ਨੂੰ ਕਿਸ ਰੂਪ ਵਿੱਚ ਦੇਖਣ ਲੱਗੀ?
ਉ- ਪ੍ਰੇਮੀ ਦੇ ਰੂਪ ਵਿੱਚ।
ਪ੍ਰ-11 ਪੂਰਨ ਦੁਆਰਾ ਲੂਣਾ ਦੀ ਇੱਛਾ ਠੁਕਰਾਉਣ ਮਗਰੋਂ ਉਹ ਪੂਰਨ ਵਿਰੁੱਧ ਕਿਸ ਭਾਵਨਾ ਨਾਲ਼ ਭਰ ਗਈ?
ਉ- ਬਦਲਾਖੋਰੀ।
ਪ੍ਰ-12 ਰਾਣੀ ਦੁਆਰਾ ਪੂਰਨ ਵਿਰੁੱਧ ਲਾਈ ਤੁਹਮਤ ਨੂੰ ਸੁਣ ਰਾਜੇ ਨੇ ਜਲਾਦਾਂ ਨੂੰ ਪੂਰਨ ਨੂੰ ਮਾਰ ਕੇ ਕਿੱਥੇ ਸੁੱਟਣ ਦਾ ਹੁਕਮ ਦਿੱਤਾ?
ਉ- ਖੂਹ ਵਿੱਚ।
ਪ੍ਰ-13 ਜਲਾਦਾਂ ਨੇ ਪੂਰਨ ਨੂੰ ਖੂਹ ਵਿੱਚ ਕਿਸ ਤਰ੍ਹਾਂ ਸੁੱਟਿਆ?
ਉ- ਹੱਥ ਪੈਰ ਕੱਟ ਕੇ।
ਪ੍ਰ-14 ਪੂਰਨ ਭਗਤ ਨੂੰ ਕਿਸ ਨੇ ਨੌਂ-ਬਰ-ਨੌਂ ਕੀਤਾ?
ਉ- ਜੋਗੀ ਗੋਰਖ ਨਾਥ ਨੇ।
ਪ੍ਰ-15 ਜੋਗੀ ਗੋਰਖ ਨਾਥ ਨੇ ਪੂਰਨ ਨੂੰ ਖੂਹ ਵਿੱਚੋਂ ਕਿਸ ਤਰ੍ਹਾਂ ਕੱਢਿਆ?
ਉ- ਕੱਚੇ ਧਾਗੇ ਨਾਲ਼।
ਪ੍ਰ-16 ਜੋਗੀ ਕੀ ਦੇਖ ਕੇ ਜੈ-ਜੈਕਾਰ ਕਰਨ ਲੱਗੇ?
ਉ- ਪੂਰਨ ਦਾ ਸਤਿ ਤੇ ਤੇਜ।
ਪ੍ਰ-17 ਪੂਰਨ ਨੂੰ ਕਿਹੜੀ ਰਾਣੀ ਗੋਰਖ ਨਾਥ ਕੋਲੋਂ ਲੈ ਗਈ?
ਉ- ਰਾਣੀ ਸੁੰਦਰਾਂ।
ਪ੍ਰ-18 ਸੁੰਦਰਾਂ ਨੇ ਪੂਰਨ ਦੀ ਝੋਲੀ ਵਿਚ ਕੀ ਪਾਇਆ ਸੀ?
ਉ- ਮੋਤੀਆਂ ਦਾ ਥਾਲ਼।
ਪ੍ਰ-19 ਪੂਰਨ ਭਗਤ ਦੇ ਠਹਿਰਨ ਨਾਲ਼ ਰਾਜੇ ਦੇ ਸੁੱਕੇ ਬਾਗ਼ ਨੂੰ ਕੀ ਹੋਇਆ?
ਉ- ਹਰਾ ਹੋ ਗਿਆ।
ਪ੍ਰ-20 ਪੂਰਨ ਭਗਤ ਦੇ ਵਿਛੋੜੇ ਵਿੱਚ ਰਾਣੀ ਇੱਛਰਾਂ ਦੀ ਰੋ-ਰੋ ਕੇ ਕੀ ਹਾਲਤ ਹੋਈ ਸੀ?
ਉ- ਅੰਨ੍ਹੀ ਹੋ ਗਈ ਸੀ।
ਪ੍ਰ-21 ਪੂਰਨ ਭਗਤ ਦੇ ਆਸ਼ੀਰਵਾਦ ਨਾਲ਼ ਰਾਜੇ ਤੇ ਲੂਣਾ ਦੇ ਘਰ ਕਿਸ ਦਾ ਜਨਮ ਹੋਇਆ?
ਉ- ਰਾਜੇ ਰਸਾਲੂ ਦਾ।
ਪ੍ਰ-22 ਪੂਰਨ ਭਗਤ ਵੱਲੋਂ ਲੂਣਾ ਨੂੰ ਆਸ਼ੀਰਵਾਦ ਨਾਲ਼ ਕੀ ਦਿੱਤਾ?
ਉ- ਚੌਲ਼ਾਂ ਦਾ ਦਾਣਾ।
ਪ੍ਰ-23 ਪੂਰਨ ਭਗਤ ਦਾ ਕਥਾ ਹੈ?
ਉ- ਦੰਤ ਕਥਾ।
ਪ੍ਰ-24 ਜੋਗੀ ਚਲਦੇ ਭਲੇ ਨਗਰ ਵੱਸਦੇ ਭਲੇ ਤੁਕ ਕਿਸ ਦੰਤ ਕਥਾ ਦੀ ਹੈ?
ਉ- ਪੂਰਨ ਭਗਤ।

## ਰਾਜਾ ਰਸਾਲੂ

ਪੂਰਨ ਭਗਤ ਦੇ ਆਸ਼ੀਰਵਾਦ ਨਾਲ਼ ਸਿਆਲਕੋਟ ਦੇ ਰਾਜਾ ਸਲਵਾਨ ਦੇ ਘਰ ਰਾਣੀ ਲੂਣਾ ਦੀ ਕੁੱਖੋਂ ਲੋਕ-ਬੀਰ ਰਸਾਲੂ ਦਾ ਜਨਮ ਹੋਇਆ। ਰਾਜੇ ਦੇ ਜੋਤਸ਼ੀਆਂ ਨੇ ਰਾਜੇ ਨੂੰ ਬਾਰ੍ਹਾਂ ਵਰ੍ਹੇ ਤੱਕ ਰਸਾਲੂ ਦਾ ਮੂੰਹ ਵੇਖਣਾ ਅਸ਼ੁੱਭ ਦੱਸਿਆ। ਰਾਜਾ ਸਲਵਾਨ ਨੇ ਜੋਤਸ਼ੀਆਂ ਦਾ ਕਹਿਣਾ ਮੰਨ ਕੇ ਪਹਿਲਾਂ ਪੂਰਨ ਨੂੰ ਬਾਰ੍ਹਾਂ ਸਾਲ ਭੋਰੇ ਵਿੱਚ ਪਾਈ ਰੱਖਿਆ ਸੀ ਤੇ ਹੁਣ ਰਸਾਲੂ ਨੂੰ ਵੀ ਉਸ ਨੇ ਇੱਕ ਵੱਖਰੇ ਭੋਰੇ ਵਿੱਚ ਰੱਖਣ ਦਾ ਪ੍ਰਬੰਧ ਕਰ ਦਿੱਤਾ।

ਜਿਸ ਦਿਨ ਰਸਾਲੂ ਨੇ ਜਨਮ ਲਿਆ ਸੀ ਉਸੇ ਦਿਨ ਸਲਵਾਨ ਦੇ ਅਸਤਬਲ ਵਿੱਚ ਇਕ ਵਛੇਰਾ(ਘੋੜੇ ਦਾ ਬੱਚਾ) ਤੇ ਸ਼ਾਹੀ ਬਾਗ ਵਿੱਚ ਇਕ ਤੋਤੇ ਨੇ ਜਨਮ ਲਿਆ ਸੀ। ਘੋੜੇ ਦਾ ਨਾਂ ਫ਼ੌਲਾਦੀ ਰੱਖਿਆ ਗਿਆ। ਇਹ ਦੋਵੇਂ ਵਛੇਰਾ ਤੇ ਤੋਤਾ ਰਸਾਲੂ ਦੇ ਬਚਪਨ ਦੇ ਸਾਥੀ ਬਣੇ। ਇਹ ਦੋਵੇਂ ਸਾਥੀ ਰਸਾਲੂ ਦੇ ਜੀਵਨ-ਸੰਘਰਸ਼ ਵਿੱਚ ਹਮੇਸ਼ਾ ਉਸ ਦੇ ਨਾਲ਼ ਰਹੇ।

ਰਸਾਲੂ ਸ਼ੁਰੂ ਤੋਂ ਹੀ ਅਜ਼ਾਦ ਤਬੀਅਤ ਦਾ ਮਾਲਕ ਸੀ। ਇਸ ਲਈ ਉਸ ਨੇ ਗਿਆਰ੍ਹਵੇਂ ਵਰ੍ਹੇ ਹੀ ਭੋਰੇ ਵਿੱਚੋਂ ਨਿਕਲ਼ਨ ਦਾ ਨਿਸਚਾ ਕਰ ਲਿਆ। ਭੋਰੇ ਤੋਂ ਬਾਹਰ ਦਾ ਖੁੱਲ੍ਹਾ ਜਹਾਨ ਰਸਾਲੂ ਨੂੰ ਬਹੁਤ ਚੰਗਾ ਲੱਗਿਆ। ਰਸਾਲੂ ਬਹੁਤ ਸੁੰਦਰ ਅਤੇ ਜਵਾਨ ਸੀ। ਉਸ ਦੀ ਇੱਕ ਤੱਕਣੀ ਤੋਂ ਹੀ ਵੇਖਣ ਵਾਲ਼ਾ ਕੀਲਿਆ ਜਾਂਦਾ ਸੀ। ਪਹਿਲੇ ਦਿਨ ਹੀ ਜਦੋਂ ਰਸਾਲੂ ਐਕ ਨਦੀ ਵਿੱਚ ਇਸ਼ਨਾਨ ਕਰਨ ਗਿਆ ਤਾਂ ਚੰਦਨ ਦੇਈ ਨਾਂ ਦੀ ਰਾਜਕੁਮਾਰੀ ਉਸ ਪ੍ਰਤੀ ਖਿੱਚੀ ਗਈ। ਰਸਾਲੂ ਕੁਦਰਤ ਪ੍ਰੇਮੀ ਤੇ ਸੰਜਮੀ ਸੀ। ਸੁੰਦਰਤਾ ਦੀ ਖਿੱਚ ਜਾਂ ਕੋਈ ਲਾਲਚ ਉਸ ਨੂੰ ਬੰਨ੍ਹ ਨਹੀਂ ਸਕਦੇ ਸਨ। ਕੁਝ ਦਿਨ ਬੀਤੇ ਸਨ ਕਿ ਰਸਾਲੂ ਦੀ ਸ਼ਕਾਇਤ ਰਾਜਾ ਸਲਵਾਨ ਕੋਲ਼ ਪਹੁੰਚੀ ਕਿ ਉਹ ਪਾਣੀ ਭਰਨ ਆਈਆਂ ਕੁੜੀਆਂ ਦੇ ਘੜੇ ਗੁਲੇਲ ਨਾਲ਼ ਤੋੜ ਦਿੰਦਾ ਹੈ ਪਰ ਜੋਤਸ਼ੀਆਂ ਦੇ ਕਹੇ ਅਨੁਸਾਰ ਰਾਜੇ ਨੇ ਰਸਾਲੂ ਦਾ ਬਾਰ੍ਹਾਂ ਵਰ੍ਹਿਆਂ ਤੱਕ ਮੂੰਹ ਨਹੀਂ ਸੀ ਵੇਖਣਾ ਤਾਂ ਰਾਜੇ ਨੇ ਹੁਕਮ ਦਿੱਤਾ ਕਿ ਕੁੜੀਆਂ ਮਿੱਟੀ ਦੇ ਘੜਿਆਂ ਦੀ ਬਜਾਏ ਪਿੱਤਲ਼ ਦੀਆਂ ਗਾਗਰਾਂ ਨਾਲ਼ ਪਾਣੀ ਭਰ ਲਿਆ ਕਰਨ। ਤਦ ਰਸਾਲੂ ਨੇ ਫ਼ੌਲਾਦ ਦੇ ਤੀਰਾਂ ਨਾਲ਼ ਗਾਗਰਾਂ ਦੇ ਵੀ ਨਿਸ਼ਾਨੇ ਵਿੰਨ੍ਹਣੇ ਸ਼ੁਰੂ ਕਰ ਦਿੱਤੇ। ਰਾਜੇ ਤੋਂ ਇਹ ਸਹਿਣ ਨਾ ਹੋਇਆ। ਉਸ ਨੇ ਰਸਾਲੂ ਨੂੰ ਦਰਬਾਰ ਵਿੱਚ ਬੁਲਾਇਆ ਅਤੇ ਸਜ਼ਾ ਵਜੋਂ ਉਸ ਨੂੰ ਦੇਸ-ਨਿਕਾਲ਼ਾ ਦੇ ਦਿੱਤਾ। ਇਹ ਉਹੋ ਦਿਨ ਸੀ ਜਦੋਂ ਬਾਰ੍ਹਾਂ ਵਰ੍ਹਿਆਂ ਪਿੱਛੋਂ ਰਸਾਲੂ ਨੇ ਆਪਣੇ ਪਿਤਾ ਨੂੰ ਪਹਿਲੀ ਵਾਰੀ ਮਿਲ਼ਨਾ ਸੀ।

ਰਸਾਲੂ ਨੇ ਉਹ ਸ਼ਹਿਰ ਉਸੇ ਰਾਤ ਹੀ ਛੱਡ ਦਿੱਤਾ। ਉਸ ਦੇ ਨਾਲ਼ ਫ਼ੌਲਾਦੀ ਨਾਂ ਦਾ ਘੋੜਾ ਤੇ ਤੋਤਾ ਵੀ ਸਨ। ਪਹਿਲੀ ਰਾਤ ਉਸ ਨਾਲ਼ ਦੋ ਹੋਰ ਸਾਥੀ ਵੀ ਸਨ ਪਰ ਉਸ ਨੇ ਇਕ ਰਾਤ ਦੀਆਂ ਔਕੜਾਂ ਪਿੱਛੋਂ ਹੀ ਵੇਖ ਲਿਆ ਕਿ ਸ਼ੇਰ ਨਾਲ਼ ਗਿੱਦੜਾਂ ਦਾ ਸਾਥ ਨਹੀਂ ਪੁੱਗਣਾ। ਇਸ ਲਈ ਉਸ ਨੇ ਦੋਹਾਂ ਸਾਥੀਆਂ ਨੂੰ ਵਾਪਸ ਭੇਜ ਦਿੱਤਾ। ਉਹ ਆਪਣੇ ਘੋੜੇ ਫ਼ੌਲਾਦੀ ਅਤੇ ਤੋਤੇ ਨਾਲ਼ ਹੀ ਅੱਗੇ ਚੱਲ ਪਿਆ।

ਰਸਾਲੂ ਲੰਮੇ ਸਫ਼ਰ ਝਾਗਦਾ ਗੁਜਰਾਤ ਦੇ ਇਲਾਕੇ ਵੱਲ ਨਿਕਲ਼ ਪਿਆ। ਰਸਤੇ ਵਿੱਚ ਉਸਨੂੰ ਬਾਸ਼ਕ ਨਾਂ ਦੇ ਨਾਗ ਨੂੰ ਮੂਧਾ ਪਿਆ ਵੇਖਿਆ। ਨਾਗ ਦੀਆਂ ਅੱਖਾਂ ਵਿੱਚ ਮਿੱਟੀ ਪਈ ਸੀ। ਰਸਾਲੂ ਨੇ ਉਸ ਦੀਆਂ ਅੱਖਾਂ ਵਿੱਚੋਂ ਮਿੱਟੀ ਕੱਢ ਦਿੱਤੀ ਤੇ ਉਹ ਨਾਗ ਉਸ ਦਾ ਮਿੱਤਰ ਬਣ ਗਿਆ। ਉਸ ਨਾਗ ਨੇ ਰਸਾਲੂ ਨੂੰ ਇਕ ਮਣੀ ਦਿੱਤੀ ਜਿਹੜੀ ਹਰ ਪ੍ਰਕਾਰ ਦਾ ਜ਼ਹਿਰ ਚੂਸ ਲੈਂਦੀ ਸੀ।

ਰਸਾਲੂ ਨੂੰ ਜਿੱਥੇ ਵੀ ਕਿਤੇ ਜ਼ੁਲਮ ਹੋਣ ਦਾ ਪਤਾ ਲੱਗਦਾ, ਉਥੇ ਪਹੁੰਚ ਜਾਂਦਾ ਤੇ ਜ਼ੁਲਮ ਕਰਨ ਵਾਲ਼ੇ ਨੂੰ ਮਾਰ ਮਕਾਉਂਦਾ। ਇਸ ਕਾਰਨ ਉਸ ਦੀ ਪ੍ਰਸਿੱਧੀ ਦੂਰ-ਦੂਰ ਫੈਲ ਗਈ। ਇਕ ਵਾਰ ਉਹ ਸੁਆਂ ਦੇ ਇਲਾਕੇ ਵੱਲ ਜਾ ਰਿਹਾ ਸੀ। ਇਹ ਇਲਾਕਾ ਹਰਾ-ਭਰਾ ਤੇ ਮਨਮੋਹਣਾ ਸੀ। ਇਸ ਇਲਾਕੇ ਵਿੱਚ ਰਾਜੇ ਹਰੀ ਚੰਦ ਦਾ ਰਾਜ ਸੀ।

ਇਕ ਦਿਨ ਸ਼ਾਮ ਵੇਲ਼ੇ ਹਰੀ ਚੰਦ ਦੀ ਲੜਕੀ ਸਰੂਪਾਂ ਆਪਣੀਆਂ ਸਹੇਲੀਆਂ ਨਾਲ਼ ਬਾਗ਼ ਵਿੱਚ ਖੇਡ ਰਹੀ ਸੀ। ਰਸਾਲੂ ਨੇ ਸਰੂਪਾਂ ਨੂੰ ਵੇਖਿਆ ਤਾਂ ਉਸ 'ਤੇ ਮੋਹਿਤ ਹੋ ਗਿਆ ਤੇ ਉਸ ਨਾਲ਼ ਵਿਆਹ ਕਰਾਉਣ ਬਾਰੇ ਸੋਚਣ ਲੱਗਾ। ਜਦੋਂ ਰਸਾਲੂ ਰਾਜਾ ਹਰੀ ਚੰਦ ਦੇ ਸ਼ਹਿਰ ਪੁੱਜਾ ਤਾਂ ਉਸਨੂੰ ਪਤਾ ਲੱਗਾ ਕਿ ਰਾਜੇ ਨੇ ਸਰੂਪਾਂ ਦਾ ਵਿਆਹ ਉਸ ਸੂਰਬੀਰ ਨਾਲ਼ ਕਰਨ ਦਾ ਐਲਾਨ ਕੀਤਾ ਜਿਹੜਾ ਇਕ ਵਿਸ਼ੇਸ਼ ਪ੍ਰਕਾਰ ਦੇ ਜੰਤਰ ਵਿੱਚ ਤੀਰ ਮਾਰ ਕੇ ਸੁਨਹਿਰੀ ਮੱਛੀ ਨੂੰ ਫੁੰਡੇਗਾ।

ਰਸਾਲੂ ਨੇ ਆਪਣੀ ਤੀਰ-ਅੰਦਾਜ਼ੀ ਦੇ ਹੁਨਰ ਸਦਕਾ ਸੁਨਹਿਰੀ ਮੱਛੀ ਨੂੰ ਫੁੰਡ ਦਿੱਤਾ। ਉਸ ਵੇਲ਼ੇ ਰਾਜਾ ਹਰੀ ਚੰਦ ਨੂੰ ਖ਼ਬਰ ਪਹੁੰਚ ਗਈ ਕਿ ਰਸਾਲੂ ਨੇ ਉਸ ਦੀ ਧੀ ਦੇ ਵਿਆਹ ਦੀ ਸ਼ਰਤ ਜਿੱਤ ਲਈ ਹੈ। ਤਦ ਰਾਜੇ ਨੇ ਰਸਾਲੂ ਨੂੰ ਬੜੇ ਆਦਰ ਸਤਿਕਾਰ ਨਾਲ਼ ਬੁਲਾਇਆ ਅਤੇ ਉਸ ਨਾਲ਼ ਆਪਣੀ ਧੀ ਦਾ ਵਿਆਹ ਕਰਨਾ ਮੰਨ ਲਿਆ। ਅਜੇ ਰਸਾਲੂ ਨਾਲ਼ ਸਰੂਪਾਂ ਦੀ ਮੰਗਣੀ ਹੀ ਹੋਈ ਸੀ ਕਿ ਰਸਾਲੂ ਨੂੰ ਪਤਾ ਲੱਗਾ ਕਿ ਸਰੂਪਾਂ ਇੱਕ ਸੁਨਿਆਰੇ ਦੇ ਲੜਕੇ ਨੂੰ ਪਿਆਰ ਕਰਦੀ ਹੈ। ਰਸਾਲੂ ਨੇ ਰਾਜੇ ਹਰੀ ਚੰਦ ਨੂੰ ਸਮਝਾ-ਬੁਝਾ ਕੇ ਸਰੂਪਾਂ ਦਾ ਵਿਆਹ ਸੁਨਿਆਰੇ ਦੇ ਲੜਕੇ ਨਾਲ਼ ਕਰਵਾ ਦਿੱਤਾ। ਦੋਹਾਂ ਨੂੰ ਰਸਾਲੂ ਨੇ ਸ਼ੁੱਭ-ਕਾਮਨਾਵਾਂ ਦਿੱਤੀਆਂ।

ਰਸਾਲੂ ਅੱਗੇ ਤੁਰ ਪਿਆ ਉਸ ਨੇ ਰਸਤੇ ਵਿੱਚ ਆਉਂਦੇ ਹੋਏ ਉਹਨਾਂ ਰਾਖਸ਼ਾਂ ਅਤੇ ਨਾਗਾਂ ਦਾ ਨਾਸ ਕੀਤਾ ਜਿਨ੍ਹਾਂ ਤੋਂ ਲੋਕ ਬੇਹੱਦ ਦੁਖੀ ਸਨ. ਇਸ ਸਮੇਂ ਉਸ ਨੂੰ ਖ਼ਬਰ ਮਿਲ਼ੀ ਕਿ ਸਿਰਕੱਪ ਨਾਂ ਦਾ ਰਾਜਾ ਲੋਕਾਂ ਤੇ ਬਹੁਤ ਜ਼ੁਲਮ ਕਰ ਰਿਹਾ ਹੈ। ਉਹ ਸਿਰਕੱਪ ਦੇ ਸ਼ਹਿਰ ਵੱਲ ਚੱਲ ਪਿਆ। ਰਾਹ ਵਿੱਚ ਉਸ ਨੇ ਇੱਕ ਲਾਸ਼ ਵੇਖੀ। ਜਾਨਵਰ ਉਸ ਲਾਸ਼ ਨੂੰ ਦੁਰਗਤ ਕਰ ਰਹੇ ਸਨ। ਰਾਜਾ ਰਸਾਲੂ ਨੇ ਕਬਰ ਪੁੱਟ ਕੇ ਉਸ ਨੂੰ ਦਫ਼ਨਾਉਣਾ ਚਾਹਿਆ। ਕਹਿੰਦੇ ਹਨ ਉਸ ਵੇਲ਼ੇ ਉਹ ਲਾਸ਼ ਬੋਲ ਪਈ। ਉਹ ਲਾਸ਼ ਸਿਰਕੱਪ ਦੇ ਭਰਾ ਸਿਰਮੁੱਖ ਦੀ ਸੀ। ਸਿਰਮੁੱਖ ਦੀ ਲਾਸ਼ ਨੇ ਦੱਸਿਆ ਕਿ ਰਾਜਾ ਸਿਰਕੱਪ ਇੱਕ ਕਪਟੀ ਰਾਜਾ ਹੈ। ਉਹ ਸਿਰਾਂ ਦੀ ਬਾਜ਼ੀ ਲਾ ਕੇ ਚੌਪੜ ਖੇਡਦਾ ਹੈ ਪਰ ਹੇਰਾ-ਫੇਰੀ ਨਾਲ਼

ਚੌਪੜ ਜਿੱਤ ਜਾਂਦਾ ਹੈ ਅਤੇ ਹਾਰਨ ਵਾਲ਼ੇ ਨੂੰ ਮਾਰ ਦਿੰਦਾ ਹੈ। ਉਸ ਨੇ ਆਪਮੇ ਭਰਾ ਸਿਰਮੁੱਖ ਦਾ ਲਿਹਾਜ਼ ਵੀ ਨਹੀਂ ਕੀਤਾ। ਸਿਰਕੱਪ ਨੇ ਉਸ ਨੂੰ ਕਪਟ ਨਾਲ਼ ਚੌਪੜ ਵਿੱਚ ਹਰਾ ਕੇ ਮਾਰ ਦਿੱਤਾ ਅਤੇ ਉਸ ਦਾ ਰਾਜ ਹੜੱਪ ਕਰ ਲਿਆ। ਸਿਰਮੁੱਖ ਦੀ ਲਾਸ਼ ਦੇ ਦੱਸਿਆ ਕਿ ਸਿਰਕੱਪ ਕੋਲ਼ ਇਕ ਚੂਹਾ ਹੈ ਜਿਹੜਾ ਚੌਪੜ ਖੇਡਣ ਸਮੇਂ ਉਸ ਦੀ ਮਦਦ ਕਰਦਾ ਹੈ। ਜੇ ਰਸਾਲੂ ਆਪਣੇ ਨਾਲ਼ ਬਿੱਲੀ ਲੈ ਜਾਵੇ ਤਾਂ ਬਿੱਲੀ ਤੋਂ ਚੂਹਾ ਡਰਦਾ ਮਾਰਾ ਬਾਹਰ ਹੀ ਨਹੀਂ ਆਵੇਗਾ। ਉਸ ਨੇ ਇਹ ਵੀ ਕਿਹਾ ਕਿ ਜਦੋਂ ਰਸਾਲੂ ਸਿਰਕੱਪ ਨਾਲ਼ ਚੌਪੜ ਖੇਡੇ ਤਾਂ ਪਾਸਾ ਆਪਣਾ ਵਰਤੇ। ਇਹ ਸਭ ਸੁਣ ਕੇ ਰਾਜਾ ਰਸਾਲੂ ਨੂੰ ਸਿਰਕੱਪ ਤੇ ਬਹੁਤ ਗ਼ੁੱਸਾ ਆਇਆ। ਉਹ ਸਿਰਕੱਪ ਨੂੰ ਖ਼ਤਮ ਕਰਨ ਲਈ ਉਸ ਦੇ ਸ਼ਹਿਰ ਵੱਲ ਚੱਲ ਪਿਆ।

ਰਾਜਾ ਸਿਰਕੱਪ ਦੇ ਸ਼ਹਿਰ ਦੇ ਬਾਹਰ ਇੱਕ ਘੁਮਿਆਰ ਦਾ ਘਰ ਸੀ। ਉਸ ਵੇਲ਼ੇ ਘੁਮਿਆਰ ਨੇ ਆਪਣੇ ਆਵੇ ਨੂੰ ਪਕਾਉਣ ਲਈ ਅੱਜ ਲਾਈ ਸੀ। ਆਵੇ ਦੇ ਆਸੇ-ਪਾਸੇ ਇੱਕ ਬਿੱਲੀ ਰੋਂਦੀ ਫਿਰ ਰਹੀ ਸੀ। ਉਸ ਦੇ ਬਲੂੰਗੜੇ ਆਵੇ ਵਿੱਚ ਪਏ ਸਨ। ਬਿੱਲੀ ਦੀ ਹਾਲਤ ਵੇਖ ਕੇ ਰਸਾਲੂ ਨੂੰ ਬੜਾ ਤਰਸ ਆਇਆ। ਉਸ ਨੇ ਘੁਮਿਆਰ ਨੂੰ ਪੁੱਛਿਆ ਕਿ ਬਲੂੰਗੜੇ ਕਿਵੇਂ ਬਚਾਏ ਜਾਣ। ਘੁਮਿਆਰ ਨੇ ਕਿਹਾ ਕਿ ਜੇ ਹੁਣ ਮੈਂ ਆਵੇ ਦਾ ਅੱਗ ਬੁਝਾਵਾਂਗਾ ਤਾਂ ਬਿੱਲੀ ਦੇ ਬੱਚੇ ਬਚ ਜਾਣਗੇ ਪਰ ਮੇਰੇ ਸਾਰੇ ਭਾਂਡੇ ਤਬਾਹ ਹੋ ਜਾਣਗੇ। ਰਸਾਲੂ ਨੇ ਘੁਮਿਆਰ ਦਾ ਸਾਰੇ ਭਾਂਡਿਆਂ ਦੀ ਕੀਮਤ ਦੇ ਦਿੱਤੀ ਤੇ ਆਵੇ ਦੀ ਅੱਗ ਬੁਝਾ ਦਿੱਤੀ। ਬਿੱਲੀ ਆਪਣੇ ਬੱਚਿਆਂ ਨੂੰ ਸਲਾਮਤ ਵੇਖ ਕੇ ਬੜੀ ਖ਼ੁਸ਼ ਹੋਈ । ਉਸ ਨੇ ਇਕ ਬਲੂੰਗੜਾ ਰਸਾਲੂ ਨੂੰ ਦੇ ਦਿੱਤਾ ਤੇ ਕਿਹਾ, "ਹੋ ਸਕਦਾ ਹੈ ਕਦੀ ਇਹ ਤੇਰੀ ਮਦਦ ਕਰੇ।" ਰਸਾਲੂ ਬਲੂੰਗੜੇ ਨੂੰ ਲੈ ਕੇ ਰਾਜਾ ਸਿਰਕੱਪ ਦੀ ਨਗਰੀ ਵਿੱਚ ਦਾਖ਼ਲ ਹੋ ਗਿਆ। ਸਿਰਕੱਪ ਨੂੰ ਉਸ ਦੇ ਸੂਹੀਆਂ ਨੇ ਰਸਾਲੂ ਦੇ ਆਉਣ ਬਾਰੇ ਦੱਸ ਦਿੱਤਾ ਸੀ। ਸਿਰਕੱਪ ਨੇ ਰਸਾਲੂ ਦੇ ਰਾਹ ਵਿੱਚ ਬੜੀਆਂ ਰੁਕਾਵਟਾਂ ਪਾਉਣ ਦੀ ਕੋਸ਼ਿਸ਼ ਪਰ ਰਸਾਲੂ ਨੂੰ ਕੋਈ ਮੁਸ਼ਕਲ ਰੋਕ ਨਾ ਸਕੀ। ਉਹ ਰਾਜੇ ਸਿਰਕੱਪ ਦੇ ਮਹਿਲੀਂ ਜਾ ਪਹੁੰਚਿਆ ਤੇ ਉਸ ਨੂੰ ਚੌਪੜ ਖੇਡਣ ਲਈ ਲਲਕਾਰਿਆ। ਸਿਰਕੱਪ ਨੇ ਕਿਹਾ ਕਿ ਰਸਾਲੂ ਅਜੇ ਅਰਾਮ ਕਰੇ। ਉਹ ਅਗਲੇ ਦਿਨ ਚੌਪੜ ਖੇਡੇਗਾ। ਸਿਰਕੱਪ ਨੇ ਰਸਾਲੂ ਨੂੰ ਜਿਸ ਕਮਰੇ ਵਿੱਚ ਠਹਿਰਾਇਆ ਉੱਥੇ ਜ਼ਹਿਰੀਲੀ ਹਵਾੜ ਸੀ। ਰਸਾਲੂ ਨੇ ਬਾਸ਼ਕ ਨਾਗ ਦੀ ਦਿੱਤੀ ਮਣੀ ਬਾਹਰ ਕੱਢ ਕੇ ਰੱਖੀ ਜਿਸ ਨੇ ਕਮਰੇ ਦੀ ਸਾਰੀ ਜ਼ਹਿਰੀਲੀ ਹਵਾੜ੍ਹ ਚੂਸ ਲਈ। ਸਿਰਕੱਪ ਨੇ ਰਸਾਲੂ ਨੂੰ ਖਾਣੇ ਵਿੱਚ ਜ਼ਹਿਰ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਰਸਾਲੂ ਨੂੰ ਆਪਣੀ ਹੁਸ਼ਿਆਰੀ ਕਾਰਨ ਰਸਾਲੂ ਦੀ ਸਾਜ਼ਸ਼ ਬਾਰੇ ਪਹਿਲਾਂ ਹੀ ਪਤਾ ਲੱਗ ਗਿਆ। ਇਸ ਤਰ੍ਹਾਂ ਸਿਰਕੱਪ ਨੇ ਰਸਾਲੂ ਨੂੰ ਮਾਰਨ ਲਈ ਹੋਰ ਵੀ ਕਈ ਚਾਲਾਂ ਚੱਲੀਆਂ।

ਦੂਜੇ ਦਿਨ ਸਿਰਕੱਪ ਤੇ ਰਸਾਲੂ ਚੌਪੜ ਖੇਡਣ ਬੈਠੇ। ਸਿਰਕੱਪ ਨੇ ਰਸਾਲੂ ਦਾ ਧਿਆਨ ਚੌਪੜ ਦੀ ਬਾਜ਼ੀ ਤੋਂ ਹਟਾਉਣ ਲਈ ਸੋਹਣੀਆਂ ਇਸਤਰੀਆਂ ਉਸ ਦੇ ਆਸ-ਪਾਸੇ ਘੁਮਾਉਣੀਆਂ ਸ਼ੁਰੂ ਕਰ ਦਿੱਤੀਆਂ ਪਰ ਰਸਾਲੂ ਤੇ ਇਹਨਾਂ ਦਾ ਕੋਈ ਅਸਰ ਨਾ ਹੋਇਆ। ਰਸਾਲੂ ਕੋਲ਼ ਬਿੱਲੀ ਦਾ ਬਲੂੰਗੜਾਸੀ। ਜਿਸ ਕਾਰਨ ਸਿਰਕੱਪ ਦਾ ਚੂਹਾ ਵੀ ਸਿਰਕੱਪ ਦੀ ਮਦਦ ਨਾ ਕਰ ਸਕਿਆ। ਰਸਾਲੂ ਨੇ ਆਪਣੇ ਪਾਸੇ ਨਾਲ਼ ਚੌਪੜ ਖੇਡੀ। ਸਿਰਕੱਪ ਚੌਪੜ ਹਾਰ ਗਿਆ। ਉਸ ਵੇਲ਼ੇ ਸਿਰਕੱਪ ਨੂੰ ਖ਼ਬਰ ਮਿਲ਼ੀ ਕਿ ਉਸ ਦੇ ਘਰ ਇੱਕ ਕੁੜੀ ਨੇ ਜਨਮ ਲਿਆ ਹੈ। ਸਿਰਕੱਪ ਨੇ ਹੁਕਮ ਦਿੱਤਾ ਕਿ ਕੁੜੀ ਨੂੰ ਮਾਰ ਦਿਓ। ਇਹ ਮੇਰੇ ਲਈ ਨਹਿਸ਼ ਹੈ ਪਰ ਰਸਾਲੂ ਨੇ ਕਿਹਾ ਕਿ ਉਸ ਲਈ ਉਹ ਕੁੜੀ ਭਾਗਾਂ ਵਾਲ਼ੀ ਹੈ। ਇਸ ਲਈ ਉਸ ਨੂੰ ਨਾ ਮਾਰਿਆ ਜਾਵੇ ਜਦੋਂ ਉਹ ਵੱਡੀ ਹੋ ਜਾਵੇਗੀ ਤਾਂ ਉਹ ਉਸ ਨਾਲ਼ ਵਿਆਹ ਕਰਵਾ ਲਵੇਗਾ ਸਿਰਕੱਪ ਨੇ ਇਹ ਸੁਝਾਅ ਮੰਨ ਲਿਆ। ਰਸਾਲੂ ਸਿਰਕੱਪ ਨੂੰ ਮਾਰਨ ਲੱਗਾ ਤਾਂ ਸਿਰਕੱਪ ਨੇ ਨਵੀਂ ਜੰਮੀ ਧੀ ਦਾ ਵਾਸਤਾ ਪਾ ਕੇ ਆਪਣੀ ਜਾਨ ਦੀ ਖ਼ੈਰ ਮੰਗੀ। ਤਦ ਰਾਜਾ ਰਸਾਲੂ ਨੇ ਸਿਰਕੱਪ ਨੂੰ ਮਾਫ਼ ਕਰ ਦਿੱਤਾ। ਸਿਰਕੱਪ ਨੇ ਵੀ ਅੱਗੇ ਤੋਂ ਨੇਕੀ ਨਾਲ਼ ਰਾਜ ਕਰਨ ਦਾ ਪ੍ਰਣ ਕੀਤਾ । ਸਿਰਕੱਪ ਦੀ ਨਵੀਂ ਜੰਮੀ ਧੀ ਦਾ ਨਾਂ ਕੋਕਲਾਂ ਰੱਖਿਆ ਗਿਆ ਸੀ।

ਰਾਜਾ ਰਸਾਲੂ ਨੇ ਕੋਕਲਾਂ ਲਈ ਕਿਸੇ ਥਾਂ ਇੱਕ ਸੁੰਦਰ ਮਹਿਲ ਉਸਾਰਨ ਦੀ ਸੋਚੀ। ਉਹ ਕਿਸੇ ਚੰਗੀ ਥਾਂ ਦੀ ਭਾਲ਼ ਵਿੱਚ ਫਿਰਨ ਲੱਗਾ। ਰਾਹ ਵਿੱਚ ਉਸ ਨੂੰ ਇੱਕ ਸੱਪਣੀ ਮਿਲ਼ੀ ਸੱਪਣੀ ਨੇ ਰਸਾਲੂ ਨੂ ਡੰਗਣਾ ਚਾਹਿਆ ਪਰ ਰਸਾਲੂ ਨੇ ਉਸ ਨੂੰ ਮਾਰ ਦਿੱਤਾ। ਸੱਪਣੀ ਨੇ ਰਸਾਲੂ ਨੂੰ ਸ੍ਰਾਪ ਦੇ ਦਿੱਤਾ। ਸ੍ਰਾਪ ਦੀ ਮੁਕਤੀ ਲਈ ਰਸਾਲੂ ਨੂੰ ਬਾਰ੍ਹਾਂ ਸਾਲ ਹੋਰ ਕੋਕਲਾਂ ਤੋਂ ਦੂਰ ਰਹਿਣਾ ਪੈਣਾ ਸੀ।

ਰਸਾਲੂ ਨੇ ਕੋਕਲਾਂ ਨੂੰ ਮਹਿਲ ਵਿੱਚ ਲੈ ਆਂਦਾ। ਕੋਕਲਾਂ ਹੁਣ ਜਵਾਨ ਹੋ ਚੁੱਕੀ ਸੀ ਤੇ ਰਸਾਲੂ ਦੀ ਰਾਣੀ ਬਣ ਕੇ ਰਹਿਣਾ ਚਾਹੁੰਦੀ ਸੀ ਪਰ ਰਸਾਲੂ ਨਾਗਣੀ ਦੇ ਸ੍ਰਾਪ ਤੋਂ ਬਚਣ ਲਈ ਉਸ ਤੋਂ ਪਰੇ ਰਹਿ ਰਿਹਾ ਸੀ। ਇੰਨੇ ਨੂੰ ਇੱਕ ਦਿਨ ਹੋਡੀ ਨਾਂ ਦਾ ਰਾਜਾ ਕੋਕਲਾਂ ਦੇ ਮਹਿਲ ਕੋਲ਼ੋਂ ਲੰਘਿਆ। ਉਹ ਕੋਕਲਾਂ ਨੂੰ ਵੇਖ ਕੇ ਮੋਹਿਤ ਹੋ ਗਿਆ। ਕੋਕਲਾਂ ਵੀ ਉਸ ਨੂੰ ਦਿਲ ਦੇ ਬੈਠੀ। ਰਾਜਾ ਰਸਾਲੂ ਨੂੰ ਆਪਣੇ ਤੋਤੇ ਤੋਂ ਹੋਡੀ ਤੇ ਕੋਕਲਾਂ ਦੀ ਕਰਤੂਤ ਦਾ ਪਤਾ ਲੱਗਾ ਤਾਂ ਉਸ ਨੂੰ ਬੜਾ ਗ਼ੁੱਸਾ ਆਇਆ। ਉ ਨੇ ਹੋਡੀ ਨੂੰ ਮਾਰ ਦਿੱਤਾ। ਹੋਡੀ ਦੀ ਮੌਤ ਦੀ ਖ਼ਬਰ ਸੁਣ ਕੇ ਕੋਕਲਾਂ ਵੀ ਮਹਿਲ ਤੋਂ ਛਾਲ਼ ਮਾਰ ਕੇ ਮਰ ਗਈ।

ਕੋਕਲਾਂ ਦੀ ਮੌਤ ਤੋਂ ਬਾਅਦ ਰਾਜਾ ਰਸਾਲੂ ਦਾ ਮਨ ਬੜਾ ਉਦਾਸ ਹੋਇਆ। ਉਹ ਇਲਾਕਾ ਛੱਡ ਕੇ ਰਾਵਲਪਿੰਡੀ ਦੇ ਇਲਾਕੇ ਵੱਲ ਆ ਗਿਆ। ਉਸ ਇਲਾਕੇ ਵਿੱਚ ਇਕ ਡੈਣ ਰਹਿੰਦੀ ਸੀ। ਉਸ ਡੈਣ ਨੇ ਉਸ ਇਲਾਕੇ ਵਿੱਚ ਤਬਾਹੀ ਮਚਾਈ ਹੋਈ ਸੀ। ਲੋਕਾਂ ਦੀ ਪੁਕਾਰ ਸੁਣ ਕੇ ਰਸਾਲੂ ਡੈਣ ਨੂੰ ਮਾਰਨ ਲਈ ਤੁਰ ਪਿਆ। ਅੱਗੇ ਬਹੁਤ ਦੂਰ ਜਾ ਕੇ ਉਸ ਨੂੰ ਡੈਣ ਮਿਲ਼ੀ ਪਰ ਇਸ ਤੋਂ ਪਹਿਲਾਂ ਕਿ ਉਹ ਡੈਣ ਦਾ ਖ਼ਾਤਮਾ ਕਰਦਾ ਡੈਣ ਨੇ ਮੰਤਰ ਪੜ੍ਹ ਕੇ ਰਸਾਲੂ ਨੂੰ ਪੱਥਰ ਬਣਾ ਦਿੱਤਾ। ਰਸਾਲੂ ਘੋੜੇ ਸਮੇਤ ਸੈਲ-ਪੱਥਰ ਹੋ ਗਿਆ।

ਲੋਕਾਂ ਦਾ ਵਿਸ਼ਵਾਸ ਹੈ ਕਿ ਫਿਰ ਜਦੋਂ ਵੀ ਧਰਤੀ 'ਤੇ ਜ਼ੁਲਮ ਵਧੇਗਾ ਤਾਂ ਰਸਾਲੂ ਸੁਰਜੀਤ ਹੋ ਜਾਵੇਗਾ ਅਤੇ ਜ਼ਾਲਮਾਂ ਦਾ ਨਾਸ ਕਰਕੇ ਦਮ ਲਏਗਾ।

## ਵਸਤੂਨਿਸ਼ਠ ਪ੍ਰਸ਼ਨ ਉੱਤਰ

ਪ੍ਰ-1 ਰਾਜੇ ਰਸਾਲੂ ਦਾ ਜਨਮ ਕਿਸ ਦੇ ਅਸ਼ੀਰਵਾਦ ਨਾਲ਼ ਹੋਇਆ?
ਉ- ਪੂਰਨ ਭਗਤ ਦੇ।
ਪ੍ਰ-2 ਰਾਜੇ ਰਸਾਲੂ ਦੇ ਬਾਪ ਦਾ ਨਾਂ ਕੀ ਸੀ?
ਉ- ਸਲਵਾਨ।
ਪ੍ਰ-3 ਰਾਜੇ ਰਸਾਲੂ ਦੀ ਮਾਂ ਦਾ ਨਾਂ ਕੀ ਸੀ?
ਉ- ਲੂਣਾ।
ਪ੍ਰ-4 ਰਾਜੇ ਸਲਵਾਨ ਨੇ ਰਸਾਲੂ ਨੂੰ ਜੋਤਸ਼ੀਆਂ ਦੇ ਕਹਿਣ ਤੇ ਜਨਮ ਤੋਂ ਬਾਦ ਬਾਰ੍ਹਾਂ ਸਾਲ ਕਿੱਥੇ ਰੱਖਿਆ?
ਉ- ਭੋਰੇ ਵਿੱਚ।
ਪ੍ਰ-5 ਰਾਜਾ ਰਸਾਲੂ ਦੇ ਜਨਮ ਦਿਨ ਵਾਲ਼ੇ ਦਿਨ ਸਲਵਾਨ ਦੇ ਅਸਤਬਲ ਵਿੱਚ ਕਿਸ ਦਾ ਜਨਮ ਹੋਇਆ?
ਉ- ਇਕ ਵਛੇਰੇ ਦਾ ( ਘੋੜੇ ਦਾ ਬੱਚਾ)।
ਪ੍ਰ-6 ਰਸਾਲੂ ਦਾ ਜਨਮ ਦਿਨ ਵਾਲ਼ੇ ਦਿਨ ਅਸਤਬਲ ਵਿੱਚ ਜਿਸ ਵਛੇਰੇ ਦਾ ਜਨਮ ਹੋਇਆ ਉਸ ਦਾ ਕੀ ਨਾਂ ਰੱਖਿਆ ਗਿਆ?
ਉ- ਫੌਲਾਦੀ।
ਪ੍ਰ-7 ਸ਼ਾਹੀ ਬਾਗ ਵਿੱਚ ਇਕ ਤੋਤੇ ਦਾ ਜਨਮ ਕਿਸ ਦਿਨ ਹੋਇਆ ਸੀ?
ਉ- ਰਾਜੇ ਰਸਾਲੂ ਦੇ ਜਨਮ ਦਿਨ ਵਾਲ਼ੇ ਦਿਨ।
ਪ੍ਰ-8 ਬਚਪਨ ਤੋਂ ਹੀ ਰਾਜਾ ਰਸਾਲੂ ਦੇ ਕੌਣ-ਕੌਣ ਸਾਥੀ ਬਣੇ?
ਉ- ਵਛੇਰਾ ਤੇ ਤੋਤਾ।
ਪ੍ਰ-9 ਰਾਜਾ ਰਸਾਲੂ ਕਿੰਨ੍ਹਵੇਂ ਵਰ੍ਹੇ ਭੋਰੇ ਤੋਂ ਬਾਹਰ ਆ ਗਿਆ ਸੀ?
ਉ- ਗਿਆਰ੍ਹਵੇਂ ਵਰ੍ਹੇ।
ਪ੍ਰ-10 ਜਦੋਂ ਰਾਜਾ ਰਸਾਲੂ ਭੋਰੇ ਵਿੱਚੋਂ ਬਾਹਰ ਨਿਕਲਿਆ ਤਾਂ ਕਿਹੋ ਜਿਹਾ ਸੀ?
ਉ- ਜਵਾਨ ਤੇ ਸੁੰਦਰ।
ਪ੍ਰ-11 ਰਾਜਾ ਰਸਾਲੂ ਜਦੋਂ ਐਕ ਨਦੀ ਤੇ ਇਸ਼ਨਾਨ ਕਰਨ ਗਿਆ ਤਾਂ ਕਿਹੜੀ ਰਾਜਕੁਮਾਰੀ ਉਸ ਵੱਲ ਖਿੱਚੀ ਗਈ?
ਉ- ਚੰਦਨ ਦੇਈ।
ਪ੍ਰ-12 ਰਾਜਾ ਰਸਾਲੂ ਜਦੋਂ ਗੁਲੇਲ ਨਾਲ਼ ਤੇ ਤੀਰ ਨਾਲ਼ ਪਾਣੀ ਭਰਨ ਆਉਣ ਵਾਲੀਆਂ ਕੁੜੀਆਂ ਦੇ ਘੜੇ ਤੇ ਗਾਗਰਾ ਤੋੜ ਦਿੰਦਾ ਸੀ ਤਾਂ ਰਾਜੇ ਨੇ ਰਸਾਲੂ ਨੂੰ ਗ਼ੁੱਸੇ ਵਿੱਚ ਆ ਕੇ ਕੀ ਸਜ਼ਾ ਦਿੱਤੀ?
ਉ- ਦੇਸ-ਨਿਕਾਲ਼ਾ।
ਪ੍ਰ-13 ਦੇਸ ਨਿਕਾਲ਼ਾ ਮਿਲ਼ਣ ਤੋਂ ਬਾਅਦ ਰਸਾਲੂ ਕਿਹੜੇ ਇਲਾਕੇ ਵੱਲ ਚਲਾ ਗਿਆ?
ਉ- ਗੁਜ਼ਰਾਤ ਦੇ ਇਲਾਕੇ ਵੱਲ।
ਪ੍ਰ-14 ਜਿਸ ਨਾਗ ਦੀਆਂ ਅੱਖਾਂ ਵਿੱਚੋਂ ਰੇਤ ਕੱਢ ਕੇ ਰਸਾਲੂ ਨੇ ਉਸ ਦੀ ਸਹਾਇਤਾ ਕੀਤੀ ਸੀ ਉਸ ਦਾ ਨਾਂ ਕੀ ਸੀ?
ਉ- ਬਾਸ਼ਕ ਨਾਗ।
ਪ੍ਰ-15 ਬਾਸ਼ਕ ਨਾਗ ਨੇ ਸਹਾਇਤਾ ਵਜੋਂ ਰਸਾਲੂ ਨੂੰ ਕੀ ਦਿੱਤਾ?
ਉ- ਇਕ ਮਣੀ ਜੋ ਹਰ ਪ੍ਰਕਾਰ ਦੇ ਜ਼ਹਿਰ ਨੂੰ ਚੂਸ ਲੈਂਦੀ ਸੀ।
ਪ੍ਰ-16 ਸੁਆਂ ਦੇ ਇਲਾਕੇ ਵਿੱਚ ਕਿਸ ਦਾ ਰਾਜ ਸੀ?
ਉ- ਰਾਜਾ ਹਰੀ ਚੰਦ ਦਾ।
ਪ੍ਰ-17 ਰਾਜੇ ਹਰੀ ਚੰਦ ਦੀ ਧੀ ਦਾ ਨਾਂ ਕੀ ਸੀ ਜਿਸ ਨੂੰ ਦੇਖ ਕੇ ਰਸਾਲੂ ਮੋਹਿਤ ਹੋ ਗਿਆ ਸੀ?
ਉ- ਸਰੂਪਾਂ।
ਪ੍ਰ-18 ਸਰੂਪਾਂ ਕਿਸ ਨੂੰ ਪਿਆਰ ਕਰਦੀ ਸੀ?
ਉ- ਸੁਨਿਆਰੇ ਦਾ ਲੜਕੇ ਨੂੰ।
ਪ੍ਰ-19 ਸਰੂਪਾਂ ਤੇ ਸੁਨਿਆਰੇ ਦੇ ਲੜਕੇ ਦਾ ਆਪਸ ਵਿੱਚ ਵਿਆਹ ਕਿਸ ਨੇ ਕਰਾਇਆ?
ਉ- ਰਸਾਲੂ ਨੇ।
ਪ੍ਰ-20 ਸਿਰਕੱਪ ਕਿਹੋ ਜਿਹਾ ਰਾਜਾ ਸੀ?
ਉ- ਜ਼ਾਲਮ ਤੇ ਕਪਟੀ।

ਪ੍ਰ-21 ਸਿਰਮੁੱਖ ਕਿਸ ਦਾ ਭਰਾ ਸੀ ਤੇ ਕਿਸ ਕਹਾਣੀ ਦਾ ਪਾਤਰ ਹੈ?
ਉ- ਸਿਰਕੱਪ ਦਾ, ਕਹਾਣੀ ਰਾਜਾ ਰਸਾਲੂ ਦਾ ਪਾਤਰ ਹੈ।
ਪ੍ਰ-22 ਸਿਰਮੁੱਖ ਨੂੰ ਕਿਸ ਨੇ ਮਾਰਿਆ?
ਉ- ਸਿਰਕੱਪ ਉਸ ਦੇ ਭਰਾ ਨੇ।
ਪ੍ਰ-23 ਸਿਰਕੱਪ ਸਿਰਾਂ ਦੀ ਬਾਜ਼ੀ ਲਾ ਕੇ ਕੀ ਖੇਡਦਾ ਸੀ?
ਉ- ਚੌਪੜ।
ਪ੍ਰ-24 ਸਿਰਕੱਪ ਦੀ ਚੌਪੜ ਦੇ ਦੌਰਾਨ ਕੌਣ ਮਦਦ ਕਰਦਾ ਸੀ?
ਉ- ਚੂਹਾ।
ਪ੍ਰ-25 ਘੁਮਿਆਰ ਦੇ ਆਵੇ ਵਿੱਚੋਂ ਬਿੱਲੀ ਦੇ ਬੱਚਿਆਂ ਨੂੰ ਕਿਸ ਨੇ ਮੁਕਤ ਕਰਵਾਇਆ?
ਉ- ਰਾਜਾ ਰਸਾਲੂ ਨੇ।
ਪ੍ਰ-26 ਰਾਜਾ ਰਸਾਲੂ ਨੂੰ ਬਿੱਲੀ ਨੇ ਕੀ ਦਿੱਤਾ?
ਉ- ਇਕ ਬਲੂੰਗੜਾ।
ਪ੍ਰ-27 ਰਾਜੇ ਰਸਾਲੂ ਨੇ ਸਿਰਕੱਪ ਨੂੰ ਕੀ ਖੇਡਣ ਲਈ ਵੰਗਾਰਿਆ?
ਉ- ਚੌਪੜ।
ਪ੍ਰ-28 ਰਸਾਲੂ ਨੂੰ ਮਾਰਨ ਲਈ ਕਿਸ ਨੇ ਬਹੁਤ ਸਾਰੀਆਂ ਚਾਲਾਂ ਚੱਲੀਆਂ?
ਉ- ਸਿਰਕੱਪ ਨੇ।
ਪ੍ਰ-29 ਰਸਾਲੂ ਤੇ ਸਿਰਕੱਪ ਵਿਚਕਾਰ ਚੌਪੜ ਮੁਕਾਬਲੇ ਵਿਚੋਂ ਕੌਣ ਜੇਤੂ ਰਿਹਾ?
ਉ- ਰਾਜਾ ਰਸਾਲੂ।
ਪ੍ਰ-30 ਰਾਜੇ ਸਿਰਕੱਪ ਦੀ ਨਵ ਜੰਮੀ ਧੀ ਦਾ ਕੀ ਨਾਂ ਰੱਖਿਆ ਗਿਆ?
ਉ- ਕੋਕਲਾਂ।
ਪ੍ਰ-31 ਰਾਜਾ ਰਸਾਲੂ ਸਿਰਕੱਪ ਦੀ ਕਿਸ ਧੀ ਨਾਲ਼ ਵਿਆਹ ਕਰਨਾ ਚਾਹੁੰਦਾ ਸੀ?
ਉ- ਕੋਕਲਾਂ ਨਾਲ਼।
ਪ੍ਰ-32 ਸੱਪਣੀ ਦਾ ਸ੍ਰਾਪ ਕਾਰਨ ਰਾਜੇ ਰਸਾਲੂ ਨੇ ਕਿੰਨ੍ਹੇ ਸਾਲ ਕੋਕਲਾਂ ਤੋਂ ਦੂਰ ਰਹਿਣਾ ਸੀ?
ਉ- ਬਾਰ੍ਹਾਂ ਸਾਲ।
ਪ੍ਰ-33 ਕੋਕਲਾਂ ਮਹਿਲਾਂ ਕੋਲ ਦੀ ਲੰਘ ਰਹੇ ਕਿਸ ਰਾਜੇ ਨੂੰ ਵੇਖ ਕੇ ਉਸ ਨੂੰ ਪਿਆਰ ਕਰਨ ਲੱਗੀ?
ਉ- ਰਾਜੇ ਹੋਡੀ ਨੂੰ।
ਪ੍ਰ-34 ਕੋਕਲਾਂ ਤੇ ਰਾਜੇ ਹੋਡੀ ਦੇ ਪਿਆਰ ਦਾ ਪਤਾ ਰਸਾਲੂ ਨੂੰ ਕਿਸ ਨੇ ਦਿੱਤਾ?
ਉ- ਤੋਤੇ ਨੇ।
ਪ੍ਰ-35 ਕੋਕਲਾਂ ਤੇ ਹੋਡੀ ਦੇ ਪਿਆਰ ਦਾ ਪਤਾ ਲੱਗਣ ਤੇ ਕਿਸ ਨੇ ਹੋਡੀ ਨੂੰ ਮਾਰ ਦਿੱਤਾ?
ਉ- ਰਾਜਾ ਰਸਾਲੂ ਨੇ।
ਪ੍ਰ-36 ਰਾਜਾ ਹੋਡੀ ਦੀ ਮੌਤ ਦਾ ਪਤਾ ਲੱਗਣ ਤੇ ਕੌਣ ਮਹਿਲ ਉੱਪਰੋਂ ਛਾਲ਼ ਮਾਰ ਕੇ ਮਰ ਗਈ ਸੀ?
ਉ- ਕੋਕਲਾਂ।
ਪ੍ਰ-37 ਕੋਕਲਾਂ ਦੀ ਮੌਤ ਤੋਂ ਬਾਦ ਉਦਾਸ ਹੋਇਆ ਰਾਜਾ ਰਸਾਲੂ ਕਿਥੇ ਆ ਗਿਆ?
ਉ- ਰਾਵਲਪਿੰਡੀ ਦੇ ਇਲਾਕੇ ਵਿੱਚ।
ਪ੍ਰ-38 ਰਾਵਲਪਿੰਡੀ ਦੇ ਇਲਾਕੇ ਵਿੱਚ ਕਿਸਨੇ ਦਹਿਸ਼ਤ ਫੈਲਾਈ ਹੋਈ ਸੀ?
ਉ- ਇਕ ਡੈਣ ਨੇ।
ਪ੍ਰ-39 ਰਾਜੇ ਰਸਾਲੂ ਨੂੰ ਮੰਤਰ ਮਾਰ ਕੇ ਪੱਥਰ ਕਿਸ ਨੇ ਬਣਾ ਦਿੱਤਾ?
ਉ- ਇਕ ਡੈਣ ਨੇ।
ਪ੍ਰ-40 ਲੋਕ ਵਿਸ਼ਵਾਸ ਅਨੁਸਾਰ ਧਰਤੀ ਉੱਪਰ ਵਧਦੇ ਜ਼ੁਲਮ ਦਾ ਕੌਣ ਨਾਸ ਕਰੇਗਾ?
ਉ- ਰਾਜਾ ਰਸਾਲੂ।

## ਦੁੱਲਾ ਭੱਟੀ

ਦੁੱਲਾ ਸਾਂਦਲ ਬਾਰ ਦਾ ਜਮ-ਪਲ਼ ਸੀ। ਉਸ ਦੇ ਪਿਤਾ ਦਾ ਨਾਂ ਫ਼ਰੀਦ ਖ਼ਾਂ ਸੀ। ਇਹ ਪਰਿਵਾਰ ਭੱਟੀ ਰਾਜਪੂਤਾਂ ਨਾਲ਼ ਸੰਬੰਧ ਰੱਖਦਾ ਸੀ ਜਿਸ ਕਾਰਨ ਦੁੱਲੇ ਦਾ ਨਾਂ ਦੁੱਲਾ ਭੱਟੀ ਕਰ ਕੇ ਮਸ਼ਹੂਰ ਹੋਇਆ।

ਦੁੱਲੇ ਦੇ ਪਿਓ-ਦਾਦੇ ਵੀ ਆਪਣੇ ਸਮੇਂ ਦੇ ਤਕੜੇ ਅਣਖੀਲੇ ਤੇ ਬਹਾਦਰ ਵਿਅਕਤੀ ਸਨ। ਉਹਨਾਂ ਨੇ ਮੁਗ਼ਲਾਂ ਦੀ ਧੌਂਸ ਮੰਨਣ ਅਤੇ ਮਾਮਲਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਕਹਿੰਦੇ ਹਨ ਜਦੋਂ ਅਕਬਰ ਲਾਹੌਰ ਆਇਆ ਤਾਂ ਉਸ ਨੇ ਫ਼ੌਜ ਨੂੰ ਭੇਜ ਕੇ ਇਹਨਾਂ ਬਾਗ਼ੀਆਂ ਨੂੰ ਲਾਹੌਰ ਸੱਦਿਆ ਅਤੇ ਕਤਲ ਕਰਵਾ ਦਿੱਤਾ। ਫਿਰ ਆਮ ਲੋਕਾਂ ਵਿੱਚ ਦਹਿਸ਼ਤ ਪਾਉਣ ਅਤੇ ਰਾਜ-ਸ਼ਕਤੀ ਦਾ ਭੈਅ ਪੈਦਾ ਕਰਨ ਲਈ ਦੁੱਲੇ ਦੇ ਪਿਓ-ਦਾਦੇ ਦੀਆਂ ਖੱਲਾਂ ਵਿੱਚ ਤੂੜੀ ਭਰਵਾ ਕੇ ਇਹਨਾਂ ਨੂੰ ਸ਼ਹਿਰ ਦੇ ਮੁੱਖ ਦਰਵਾਜ਼ੇ ਤੇ ਟੰਗਵਾ ਦਿੱਤਾ।

ਉਪਰੋਕਤ ਸਾਰੀ ਘਟਨਾ ਦੁੱਲੇ ਨੂੰ ਸੋਝੀ ਸੰਭਾਲਨ ਤੇ ਉਸ ਦੀ ਮਾਂ ਨੇ ਦੱਸੀ.

ਤੇਰਾ ਸਾਂਦਲ ਦਾਦਾ ਮਾਰਿਆ, ਦਿੱਤਾ ਭੋਰੇ ਚ ਪਾ,
ਮੁਗਲਾਂ ਪੁੱਠੀਆਂ ਖੱਲਾਂ ਲਾਹ ਕੇ, ਭਰੀਆਂ ਨਾਲ ਹਵਾ।

ਤਦ ਤੋਂ ਦੁੱਲੇ ਦੇ ਮਨ ਵਿੱਚ ਮੁਗਲਾ-ਸਲਤਨਤ ਦੇ ਖਿਲਾਫ ਰੋਹ ਪੈਦਾ ਹੋਣ ਲੱਗਿਆ।

ਕਿਹਾ ਜਾਂਦਾ ਹੈ ਕਿ ਜਦੋਂ ਦੁੱਲੇ ਦਾ ਜਨਮ ਹੋਇਆ, ਉਹਨਾਂ ਦਿਨਾਂ ਵਿਚ ਅਕਬਰ ਦੀ ਇੱਕ ਰਾਜਪੂਤ ਰਾਣੀ ਦੀ ਕੁੱਖੋਂ ਇੱਕ ਪੁੱਤਰ ਸਲੀਮ ਨੇ ਜਨਮ ਲਿਆ ਜੋ ਪਿੱਛੋਂ ਸ਼ਹਿਜ਼ਾਦਾ ਸ਼ੇਖ਼ੂ ਵਜੋਂ ਵੀ ਜਾਣਿਆਂ ਗਿਆ। ਸਲੀਮ ਕਾਫ਼ੀ ਕਮਜ਼ੋਰ ਸੀ. ਬਾਦਸ਼ਾਹ ਉਸ ਨੂੰ ਬਲਵਾਨ ਸੂਰਮਾ ਬਣਾਉਣਾ ਚਾਹੁੰਦਾ ਸੀ ਇਸ ਲਈ ਹਕੀਮਾਂ ਦੀ ਸਲਾਹ ਉੱਤੇ ਉਸ ਲਈ ਸਿਹਤਮੰਦ ਰਾਜਪੂਤ ਚੁੰਘਾਵੀਂ ਦਾ ਪ੍ਰਬੰਦ ਕਰਨਾ ਪਿਆ। ਉਹਨਾਂ ਦਿਨਾਂ ਵਿੱਚ ਹੀ ਦੁੱਲਾ ਜੰਮਿਆਂ ਸੀ। ਬਾਦਸ਼ਾਹ ਨੇ ਦੁੱਲੇ ਦਾ ਮਾਂ ਨੂੰ ਚੁਘਾਵੀਂ ਵਜੋਂ ਮਹਿਲਾਂ ਵਿੱਚ ਸੱਦ ਲਿਆ। ਇਸ ਤਰ੍ਹਾਂ ਦੁੱਲਾ ਅਤੇ ਸ਼ਹਿਜ਼ਾਦਾ ਸਲੀਮ ਇੱਕੋ ਮਾਂ ਦਾ ਦੁੱਧ ਚੁੰਘ ਦੇ ਪਲੇ। ਇਸ ਦੌਰਾਨ ਉਹ ਇਕੱਠੇ ਖੇਡਦੇ ਅਤੇ ਸ਼ਸਤਰ-ਵਿੱਦਿਆ ਸਿੱਖਦੇ ਰਹੇ। ਇਸ ਕਾਰਨ ਦੁੱਲਾ ਮਹਿਲਾਂ ਦੇ ਬਾਦਸ਼ਾਹੀ ਜਲੌ ਤੋਂ ਵੀ ਜਾਣੂ ਹੋ ਗਿਆ।

ਜਦੋਂ ਸ਼ਹਿਜ਼ਾਦਾ ਸਲੀਮ ਜਵਾਨ ਹੋਇਆ ਤਾਂ ਕਿਸੇ ਕਾਰਨ ਉਸ ਦੀ ਆਪਣੇ ਪਿਤਾ ਅਕਬਰ ਨਾਲ਼ ਅਣਬਣ ਹੋ ਗਈ ਤੇ ਉਹ ਪਿਓ ਤੋਂ ਬਾਗੀ ਹੋ ਗਿਆ। ਦੱਸਿਆ ਜਾਂਦਾ ਹੈ ਕਿ ਉਸ ਨੇ ਦੁੱਲੇ ਨੂੰ ਸਾਂਦਲ ਬਾਰ ਦੇ ਇਲਾਕੇ ਵਿੱਚ ਅਕਬਰ ਦੇ ਖਿਲਾਫ਼ ਗੜਬੜ ਫੈਲਾਉਣ ਲਈ ਉਕਸਾਇਆ।

ਦੁੱਲਾ ਪਹਿਲਾਂ ਤੋਂ ਹੀ ਬਾਗੀ ਸੁਭਾਅ ਵਾਲਾ ਸੀ। ਉਸ ਦੇ ਮਨ ਵਿੱਚ ਆਪਣੇ ਪਿਓ-ਦਾਦਾ ਦੇ ਕਤਲ ਦਾ ਬਦਲਾ ਲੈਣ ਦਾ ਭਾਵਨਾ ਪ੍ਰਬਲ ਸੀ। ਉਸ ਨੇ ਸਰਕਾਰੀ ਮਾਮਲਾ ਤਾਂ ਕੀ ਦੇਣਾ ਸੀ ਸਗੋਂ ਉਹ ਆਉਂਦੇ-ਜਾਂਦੇ ਸ਼ਾਹੀ ਕਾਫਲਿਆਂ ਨੂੰ ਵੀ ਲੁੱਟ ਲੈਂਦਾ ਸੀ। ਇੱਕ ਵਪਾਰੀ ਲਾਹੌਰ ਨੂੰ ਜਾ ਰਿਹਾ ਸੀ। ਦੁੱਲੇ ਨੇ ਉਸ ਤੋਂ ਘੋੜੇ ਖੋਹ ਲਏ। ਇਸੇ ਤਰ੍ਹਾਂ ਇੱਕ ਵਾਰੀ ਇੱਕ ਵਪਾਰੀ ਬਾਦਸ਼ਾਹ ਲਈ ਤੋਹਫੇ ਲਿਜਾ ਰਿਹਾ ਸੀ। ਦੁੱਲੇ ਨੇ ਸਾਰੇ ਤੋਹਫੇ ਖੋਹ ਲਏ ਅਤੇ ਵਪਾਰੀ ਦਾ ਸਿਰ ਵੱਢ ਕੇ ਬਾਦਸ਼ਾਹ ਨੂੰ ਭੇਜ ਦਿੱਤਾ। ਇਸ ਤਰ੍ਹਾਂ ਦੁੱਲਾ ਬਾਦਸ਼ਾਹ ਤੋਂ ਬਾਗੀ ਹੋ ਗਿਆ।

ਲੁੱਟ ਦਾ ਇਹ ਪੈਸਾ ਉਹ ਗਰੀਬਾਂ ਵਿੱਚ ਵੰਡ ਦਿੰਦਾ ਸੀ। ਜਦੋਂ ਆਮ ਲੋਕਾਂ ਨੂੰ ਪਤਾ ਲੱਗਾ ਕਿ ਇਹ ਬਹਾਦਰ ਜਵਾਨ ਸਲਤਨਤ ਦੇ ਖਿਲਾਫ ਖੜ੍ਹਾ ਹੋ ਗਿਆ ਹੈ ਤਾਂ ਹਾਕਮਾਂ ਦੇ ਜ਼ੁਲਮ ਅਤੇ ਅਨਿਆਂ ਤੋਂ ਤੰਗ ਆਏ ਲੋਕ ਦੁੱਲੇ ਦੇ ਹਮਦਰਦ ਅਤੇ ਪ੍ਰਸ਼ੰਸਕ ਬਣ ਗਏ।

ਕਿਹਾ ਜਾਂਦਾ ਹੈ ਕਿ ਦੁੱਲੇ ਦਾ ਚਾਚਾ ਜਲਾਲੂਦੀਨ ਉਸ ਨਾਲ ਵੈਰ ਰੱਖਦਾ ਸੀ। ਉਸ ਨੇ ਦੁੱਲੇ ਦੇ ਖਿਲਾਫ ਅਕਬਰ ਅੱਗੇ ਜਾ ਸ਼ਿਕਾਇਤ ਕੀਤੀ।

ਇੱਕ ਪਿੰਡ ਵਿੱਚ ਸੂਰਮਾ ਮਾਂ ਲੋਧੀ ਦੇ ਘਰ ਲਾਲ।
ਉਹਨੇ ਲੁੱਟ ਕੇ ਖਾ ਲਈਆਂ ਡਾਲੀਆਂ, ਭੱਟੀ ਖੋਹ ਕੇ ਖਾ ਲਏ ਮਾਲ।
ਜੇ ਤੂੰ ਅਕਬਰ ਬਾਦਸ਼ਾਹ ਚੜ੍ਹ ਕੇ ਲੈ-ਲੈ ਦੁੱਲੇ ਦਾ ਸਾਰ।

ਅਕਬਰ ਨੇ ਦੁੱਲੇ ਨੂੰ ਫੜਨ ਲਈ ਆਪਣੀ ਫੌਜ ਭੇਜੀ। ਉਸ ਇਲਾਕੇ ਦੇ ਲੋਕ ਦੁੱਲੇ ਨੂੰ ਇਸ ਆਫਤ ਤੋਂ ਬਚਾਉਣਾ ਚਾਹੁੰਦੇ ਸਨ।

ਕਹਿੰਦੇ ਹਨ ਇੱਕ ਗਵਾਲਣ ਨੇ ਤਾਂ ਦੁੱਲੇ ਨੂੰ ਬਚਾਉਣ ਲਈ ਫੌਜ ਦੇ ਸੈਨਾਪਤੀ ਨੂੰ ਭਰਮਾਉਣ ਦੀ ਵੀ ਕੋਸ਼ਿਸ਼ ਕੀਤੀ। ਫੌਜ ਨੇ ਦੁੱਲੇ ਦੇ ਪਿੰਡ ਉੱਤੇ ਧਾਵਾ ਬੋਲ ਦਿੱਤਾ ਅਤੇ ਦੁੱਲੇ ਦੇ ਪਰਿਵਾਰ ਨੂੰ ਬੰਦੀ ਬਣਾ ਲਿਆ।

ਜਦੋਂ ਦੁੱਲੇ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੇ ਸਾਥੀਆਂ ਸਮੇਤ ਫੌਜ ਨੂੰ ਆ ਲਲਕਾਰਿਆ। ਦੋਹਾਂ ਧਿਰਾਂ ਦੀਆਂ ਤਿੱਖੀਆਂ ਝੜਪਾਂ ਹੋਈਆ। ਇੱਕ ਵਾਰ ਤਾਂ ਉਸ ਨੇ ਸ਼ਾਹੀ ਫੌਜ ਨੂੰ ਭਾਜੜਾਂ ਪਾ ਦਿੱਤੀਆਂ। ਦੁੱਲੇ ਦਾ ਪੁੱਤਰ ਵੀ ਇਸ ਲੜਾਈ ਵਿੱਚ ਬਹਾਦਰੀ ਨਾਲ ਲੜਿਆ।

ਕਿਹਾ ਜਾਂਦਾ ਹੈ ਕਿ ਪਿੱਛੋ ਅਕਬਰ ਦੀਆਂ ਫੌਜਾਂ ਨੇ ਦੁੱਲੇ ਨੂੰ ਧੋਖੇ ਨਾਲ ਘੇਰੇ ਵਿੱਚ ਲੈ ਲਿਆ ਤੇ ਲਾਹੌਰ ਵਿੱਚ ਲਿਜਾ ਕੇ ਉਸ ਨੂੰ ਫਾਂਸੀ ਦੇ ਦਿੱਤੀ।

ਦੁੱਲਾ ਭੱਟੀ ਦੇ ਜੀਵਨ ਨਾਲ ਕਈ ਪਰਉਪਕਾਰ ਦੀਆਂ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ। ਇੱਕ ਵਾਰ ਉਸ ਨੇ ਕਿਸੇ ਗਰੀਬ ਘਰ ਦੀ ਲੜਕੀ ਨੂੰ ਧੀ ਬਣਾ ਕੇ ਵਿਆਹੁਣ ਦਾ ਪੁੰਨ ਖੱਟਿਆ ਸੀ। ਇਸ ਦਾ ਹਵਾਲਾ ਲੋਹੜੀ ਨੂੰ ਗਾਏ ਜਾਂਦੇ ਪ੍ਰਸਿੱਧ ਲੋਕ-ਗੀਤ ਸੁੰਦਰ ਮੁੰਦਰੀਏ ਵਿੱਚ ਮਿਲਦਾ ਹੈ-

ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਦੀ ਧੀ ਵਿਆਹੀ, ਹੋ
ਸੇਰ ਸੱਕਰ ਪਾਈ, ਹੋ
ਕੁੜੀ ਦੇ ਬੋਝੇ ਪਾਈ, ਹੋ
ਕੁੜੀ ਦਾ ਲਾਲ ਪਟਾਕਾ, ਹੋ
ਕੁੜੀ ਦਾ ਸਾਲੂ ਪਾਟਾ, ਹੋ
ਸਾਲੂ ਕੌਣ ਸਮੇਟੇ, ਹੋ
ਚਾਚਾ ਗਾਲੀ ਦੇਸੇ, ਹੋ
ਚਾਚੇ ਚੂਰੀ ਕੁੱਟੀ, ਹੋ
ਜ਼ਿੰਮੀਦਾਰਾਂ ਲੁੱਟੀ, ਹੋ।

ਦੁੱਲੇ ਦਾ ਬਹਾਦਰੀ ਨੂੰ ਪ੍ਰਗਟਾਉਣ ਵਾਲੀਆਂ ਕੁਝ ਤੁਕਾਂ ਵੀ ਮਿਲਦੀਆਂ ਹਨ।

ਮੇਰੇ ਹੇਠਾਂ ਬੱਕੀ ਲਾਖੀ,
ਜਿਹੜੀ ਟੁਰਦੀ ਸੁੰਬ ਟਕੋਰ।
ਮੈਂ ਪੁੱਤ ਆਂ ਬੱਗੇ ਸ਼ੇਰਾਂ ਦਾ,
ਮੇਰੀ ਸ਼ੇਰਾਂ ਵਰਗੀ ਤੋਰ।
ਜੰਮਣਾ ਤੇ ਮਰ ਜਾਵਣਾ।
ਉਡਣਾ ਪਿੰਜਰੇ ਵਿੱਚੋਂ ਭੌਰ।

## ਵਸਤੂਨਿਸ਼ਠ ਪ੍ਰਸ਼ਨ ਉੱਤਰ

ਪ੍ਰ-1 ਦੁੱਲਾ ਭੱਟੀ ਕਿੱਥੋਂ ਦਾ ਜੰਮ-ਪਲ ਸੀ?
ਉ- ਸਾਂਦਲ ਬਾਰ ਦਾ।
ਪ੍ਰ-2 ਦੁੱਲੇ ਭੱਟੀ ਦੇ ਪਿਤਾ ਦਾ ਨਾਂ ਕੀ ਸੀ?
ਉ- ਫ਼ਰੀਦ ਖ਼ਾਂ।
ਪ੍ਰ-3 ਦੁੱਲੇ ਭੱਟੀ ਦਾ ਪਰਿਵਾਰ ਕਿਨ੍ਹਾਂ ਨਾਲ਼ ਸੰਬੰਧਿਤ ਸੀ?
ਉ- ਭੱਟੀ ਰਾਜਪੂਤਾਂ ਨਾਲ਼।
ਪ੍ਰ-4 ਦੁੱਲੇ ਦੇ ਪਿਉ ਦਾਦੇ ਕਿਹੋ ਜਿਹੇ ਸਨ?
ਉ- ਤਕੜੇ ਤੇ ਅਣਖੀਲੇ।
ਪ੍ਰ-5 ਦੁੱਲੇ ਭੱਟੀ ਦੇ ਦਾਦੇ ਦਾ ਨਾਂ ਕੀ ਸੀ?
ਉ- ਸਾਂਦਲ।
ਪ੍ਰ-6 ਦੁੱਲੇ ਭੱਟੀ ਦੇ ਪਿਉ ਤੇ ਦਾਦੇ ਨੂੰ ਕਿਸਨੇ ਮਰਵਾਇਆ ਸੀ?
ਉ- ਅਕਬਰ ਨੇ।
ਪ੍ਰ-7 ਮਾਰਨ ਮਗਰੋਂ ਦੁੱਲੇ ਭੱਟੀ ਦੀਆਂ ਲਾਸ਼ਾਂ ਨੂੰ ਕਿੱਥੇ ਟੰਗਿਆ ਗਿਆ ਸੀ?
ਉ- ਸ਼ਹਿਰ ਦੇ ਮੁੱਖ ਦਰਵਾਜੇ ਤੇ।
ਪ੍ਰ-8 ਦੁੱਲਾ ਭੱਟੀ ਕਿਸ ਦੇ ਵਿਰੁੱਧ ਰੋਹ ਨਾਲ਼ ਭਰਿਆ ਹੋਇਆ ਸੀ?
ਉ- ਮੁਗ਼ਲਾਂ ਦੇ।
ਪ੍ਰ-9 ਅਕਬਰ ਦੇ ਪੁੱਤਰ ਦਾ ਕੀ ਨਾਂ ਸੀ?
ਉ- ਸ਼ਹਿਜ਼ਾਦਾ ਸਲੀਮ ਜਾਂ ਸ਼ੇਖ਼ੂ।

ਪ੍ਰ-10 ਸ਼ਹਿਜ਼ਾਦਾ ਸਲੀਮ ਨੇ ਕਿਸ ਦੀ ਮਾਂ ਦਾ ਦੁੱਧ ਚੁੰਘਿਆ ਸੀ?
ਉ- ਦੁੱਲੇ ਦੀ ਮਾਂ ਦਾ।
ਪ੍ਰ-11 ਸ਼ਹਿਜ਼ਾਦਾ ਸਲੀਮ ਕਿਸ ਤੋਂ ਬਾਗ਼ੀ ਹੋ ਗਿਆ ਸੀ?
ਉ- ਆਪਣੇ ਪਿਤਾ ਅਕਬਰ ਤੋਂ।
ਪ੍ਰ-12 ਸ਼ਹਿਜ਼ਾਦਾ ਸਲੀਮ ਨੇ ਕਿਸ ਨੂੰ ਅਕਬਰ ਦੇ ਖ਼ਿਲਾਫ਼ ਉਸਕਾਇਆ?
ਉ- ਦੁੱਲੇ ਭੱਟੀ ਨੂੰ।
ਪ੍ਰ-13 ਦੁੱਲੇ ਦਾ ਸੁਭਾ ਕਿਹੋ ਜਿਹਾ ਸੀ?
ਉ- ਬਾਗ਼ੀ।
ਪ੍ਰ-14 ਦੁੱਲਾ ਕਿਸ ਦਾ ਕਤਲ ਦਾ ਬਦਲਾ ਲੈਣਾ ਚਾਹੁੰਦਾ ਸੀ?
ਉ- ਪਿਓ ਦਾਦੇ ਦੇ।
ਪ੍ਰ-15 ਦੁੱਲੇ ਦੇ ਚਾਚੇ ਦਾ ਨਾਮ ਕੀ ਸੀ?
ਉ- ਜਲਾਲਦੀਨ।
ਪ੍ਰ-16 ਦੁੱਲਾ ਲੁੱਟ ਦਾ ਹਿੱਸਾ ਕਿੰਨ੍ਹਾ ਵਿੱਚ ਵੰਡ ਦਿੰਦਾ ਸੀ?
ਉ- ਗ਼ਰੀਬਾਂ ਵਿੱਚ।
ਪ੍ਰ-17 ਦੁੱਲਾ ਕਿਹੋ ਜਿਹਾ ਵਿਅਕਤੀ ਸੀ?
ਉ- ਪਰਉਪਕਾਰੀ।
ਪ੍ਰ-18 ਕਿਸ ਨੇ ਅਕਬਰ ਕੋਲ ਦੁੱਲੇ ਦੇ ਵਿਰੁੱਧ ਸ਼ਿਕਾਇਤ ਕੀਤੀ?
ਉ- ਦੁੱਲੇ ਦੇ ਚਾਚੇ ਨੇ।
ਪ੍ਰ-19 ਕਿਸ ਨੇ ਦੁੱਲੇ ਨੂੰ ਬਚਾਉਣ ਲਈ ਮੁਗ਼ਲ ਸੈਨਾਪਤੀ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ?
ਉ- ਇਕ ਗਵਾਲਣ ਨੇ।
ਪ੍ਰ-20 ਦੁੱਲੇ ਨੂੰ ਕਿੱਥੇ ਫਾਂਸੀ ਦਿੱਤੀ ਗਈ?
ਉ- ਲਾਹੌਰ ਵਿੱਚ।
ਪ੍ਰ-21 ਦੁੱਲੇ ਨੇ ਜਿਸ ਗ਼ਰੀਬ ਕੁੜੀ ਦਾ ਵਿਆਹ ਕਰ ਕੇ ਪੁੰਨ ਖੱਟਿਆ ਸੀ, ਉਸ ਦਾ ਜ਼ਿਕਰ ਕਿੱਥੇ ਮਿਲ਼ਦਾ ਹੈ?
ਉ- ਲੋਹੜੀ ਦਾ ਗੀਤ ਵਿੱਚ।
ਪ੍ਰ-22 ਲੋਹੜੀ ਨੂੰ ਗਾਏ ਜਾਂਦੇ ਪ੍ਰਸਿੱਧ ਲੋਕ ਗੀਤ ਸੁੰਦਰ ਮੁੰਦਰੀਏ ਵਿੱਚ ਕਿਸ ਲੋਕ ਨਾਇਕ ਦਾ ਜ਼ਿਕਰ ਆਇਆ ਹੈ?
ਉ- ਦੁੱਲਾ ਭੱਟੀ ਦਾ।